ਸ਼ਨੀਵਾਰ, 15 ਜੁਲਾਈ, 2023
31 ਹਾੜ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 44

ਨਵਾਂ ਜ਼ਮਾਨਾ

DAILY NAWAN ZAMANA • SATURDAY, 15 JULY, 2023

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

ਸੋਮਵਾਰ ਤੋਂ ਦਫਤਰ 9 ਵਜੇ ਤੋਂ ਲੱਗਣਗੇ

ਚੰਡੀਗੜ੍ਹ : ਪੰਜਾਬ ਸਰਕਾਰ ਦੇ ਸਰਕਾਰੀ ਦਫਤਰ 17 ਜੁਲਾਈ ਤੋਂ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਖੁੱਲ੍ਹਿਆ ਕਰਨਗੇ। ਮੁੱਖ ਸਕੱਤਰ ਅਨੁਰਾਗ ਵਰਮਾ ਨੇ ਇਸ ਬਾਰੇ ਪੱਤਰ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਭੇਜ ਦਿੱਤਾ ਗਿਆ ਹੈ।

ਚੰਦਰਯਾਨ ਦੀ ਚੰਨ ਵੱਲ ਸ਼ਾਨਦਾਰ ਉਡਾਰੀ

ਸ੍ਰੀਹਰੀਕੋਟਾ (ਆਂਧਰਾ) : ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਨੇ ਸ਼ੁੱਕਰਵਾਰ ਇੱਥੇ ਐੱਨ ਵੀ ਐੱਮ 3-ਐੱਮ 4 ਰਾਕੇਟ ਨਾਲ ਆਪਣਾ ਤੀਜਾ ਚੰਦਰ ਮਿਸ਼ਨ ਚੰਦਰਯਾਨ-3 ਲਾਂਚ ਕੀਤਾ। ਇਸ ਨੇ ਬਾਅਦ ਦੁਪਹਿਰ 2.35 ਵਜੇ ਨਿਰਧਾਰਿਤ ਸਮੇਂ 'ਤੇ ਸ਼ਾਨਦਾਰ ਢੰਗ ਨਾਲ ਅਸਮਾਨ ਵੱਲ ਉਡਾਣ ਭਰੀ। ਜੇ ਚੰਦ 'ਤੇ ਇਹ ਸੁਰੱਖਿਅਤ ਤਰੀਕੇ ਨਾਲ ਉਤਰਦਾ ਹੈ ਤਾਂ ਭਾਰਤ ਉਨ੍ਹਾਂ ਚੁਣੇ ਹੋਏ ਦੇਸ਼ਾਂ ਦੀ ਸੂਚੀ 'ਚ ਸ਼ਾਮਲ ਹੋ ਜਾਵੇਗਾ, ਜਿਨ੍ਹਾਂ ਨੇ ਅਜਿਹਾ ਕੀਤਾ ਹੈ। ਜੇ ਸਭ ਕੁਝ ਠੀਕ ਰਿਹਾ ਤਾਂ ਇਹ ਅਗਸਤ ਦੇ ਅਖੀਰ 'ਚ ਚੰਦ 'ਤੇ ਉਤਰੇਗਾ।

ਸੀਮਾ ਹੈਦਰ ਦੇ ਪਾਕਿ ਨਾ ਮੁੜਨ 'ਤੇ ਅੱਤਵਾਦੀ ਹਮਲੇ ਦੀ ਧਮਕੀ

ਮੁੰਬਈ : ਪੁਲਸ ਦੇ ਟ੍ਰੈਫਿਕ ਕੰਟਰੋਲ ਰੂਮ ਨੂੰ ਅਣਪਛਾਤੇ ਵਿਅਕਤੀ ਨੇ ਫੋਨ ਕਰਕੇ ਧਮਕੀ ਦਿੱਤੀ ਹੈ ਕਿ ਜੇ ਪਾਕਿਸਤਾਨੀ ਮਹਿਲਾ ਸੀਮਾ ਹੈਦਰ ਆਪਣੇ ਵਤਨ ਵਾਪਸ ਨਾ ਆਈ ਤਾਂ ਭਾਰਤ 'ਚ 26/11 ਵਰਗਾ ਅੱਤਵਾਦੀ ਹਮਲਾ ਹੋ ਸਕਦਾ ਹੈ, ਜਿਸ ਲਈ ਯੂ ਪੀ ਸਰਕਾਰ ਜ਼ਿੰਮੇਵਾਰ ਹੋਵੇਗੀ। ਪੁਲਸ ਅਧਿਕਾਰੀ ਨੇ ਦੱਸਿਆ ਕਿ 12 ਜੁਲਾਈ ਨੂੰ ਧਮਕੀ ਵਾਲਾ ਫੋਨ ਆਇਆ ਸੀ। ਫੋਨ ਕਰਨ ਵਾਲਾ ਉਰਦੂ 'ਚ ਗੱਲ ਕਰ ਰਿਹਾ ਸੀ।

ਫਰਾਂਸ ਦਾ ਸਰਵਉੱਚ ਸਨਮਾਨ

ਪੈਰਿਸ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਨ ਵੱਲੋਂ ਫਰਾਂਸ ਦੇ ਸਰਵਉੱਚ ਸਨਮਾਨ 'ਗ੍ਰੈਂਡ ਕਰਾਸ ਆਫ ਦਿ ਲੀਜਨ ਆਫ ਆਨਰ' ਨਾਲ ਸਨਮਾਨਤ ਕੀਤਾ ਗਿਆ।

ਅਜੀਤ ਪਵਾਰ ਨੂੰ ਵਿੱਤ ਵਿਭਾਗ

ਮੁੰਬਈ : ਕਈ ਦਿਨਾਂ ਦੇ ਭੰਬਲਭੂਸੇ ਤੋਂ ਬਾਅਦ ਮਹਾਰਾਸ਼ਟਰ 'ਚ ਉਨ੍ਹਾਂ 9 ਮੰਤਰੀਆਂ ਨੂੰ ਵਿਭਾਗ ਅਲਾਟ ਕਰ ਦਿੱਤੇ ਗਏ ਜਿਹੜੇ ਅਜੀਤ ਪਵਾਰ ਦੀ ਅਗਵਾਈ ਵਿਚ ਐੱਨ ਸੀ ਪੀ ਵਿੱਚੋਂ ਬਗਾਵਤ ਕਰਕੇ ਸ਼ਿਵ ਸੈਨਾ (ਸ਼ਿੰਦੇ) ਤੇ ਭਾਜਪਾ ਦੀ ਗੱਠਜੋੜ ਸਰਕਾਰ ਵਿਚ ਸ਼ਾਮਲ ਹੋਏ ਸਨ। ਸ਼ਰਦ ਪਵਾਰ ਦੇ ਭਤੀਜੇ ਨੂੰ ਵਿੱਤ ਤੇ ਯੋਜਨਾ ਵਿਭਾਗ ਦਿੱਤਾ ਗਿਆ ਹੈ। ਛਗਨ ਭੁਜਬਲ ਨੂੰ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਮਿਲਿਆ ਹੈ। ਉੱਪ ਮੁੱਖ ਮੰਤਰੀ ਬਣੇ ਅਜੀਤ ਪਵਾਰ ਸ਼ਿਵ ਸੈਨਾ-ਕਾਂਗਰਸ-ਐੱਨ ਸੀ ਪੀ ਸਰਕਾਰ ਵਿਚ ਵੀ ਵਿੱਤ ਮੰਤਰੀ ਹੁੰਦੇ ਸਨ।

ਚੈਟ ਜੀ ਪੀ ਟੀ ਦੀ ਜਾਂਚ

ਵਾਸ਼ਿੰਗਟਨ : ਅਮਰੀਕੀ ਸੰਘੀ ਵਪਾਰ ਕਮਿਸ਼ਨ (ਐੱਫ ਟੀ ਸੀ) ਨੇ ਉਪਭੋਗਤਾ ਸੁਰੱਖਿਆ ਨਿਯਮਾਂ ਦੀ ਉਲੰਘਣਾ ਕਰਨ ਅਤੇ ਗਲਤ ਜਾਣਕਾਰੀ ਦੇਣ ਕਾਰਨ ਚੈਟ ਜੀ ਪੀ ਟੀ ਵਿਕਸਤ ਕਰਨ ਵਾਲੀ ਕੰਪਨੀ ਓਪਨ ਏ ਆਈ ਖਿਲਾਫ ਜਾਂਚ ਸ਼ੁਰੂ ਕਰ ਦਿੱਤੀ ਹੈ। ਓਪਨ ਏ ਆਈ ਨੇ ਪਿਛਲੇ ਸਾਲ ਚੈਟ ਜੀ ਪੀ ਟੀ, ਆਰਟੀਫਿਸ਼ੀਅਲ ਇੰਟੈਲੀਜੈਂਸ 'ਤੇ ਆਧਾਰਤ ਮਾਡਲ ਪੇਸ਼ ਕੀਤਾ ਸੀ। ਉਦੋਂ ਤੋਂ ਇਹ ਚੈਟ ਬੋਟ ਲੋਕਾਂ 'ਚ ਲਗਾਤਾਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਹਾਲਾਂਕਿ ਇਸ ਦੌਰਾਨ ਚੈਟ ਜੀ ਪੀ ਟੀ 'ਤੇ ਜਾਰੀ ਕੀਤੀ ਕੁਝ ਜਾਣਕਾਰੀ ਨੂੰ ਲੈ ਕੇ ਵੀ ਸਵਾਲ ਉਠਾਏ ਗਏ ਹਨ।

ਹਰਿਆਣਾ ਨੂੰ ਚੰਡੀਗੜ੍ਹ 'ਚ ਅਸੰਬਲੀ ਲਈ ਥਾਂ ਦੇਣ ਵਿਰੁੱਧ ਖੱਬੀਆਂ ਪਾਰਟੀਆਂ ਦੀ 20 ਨੂੰ ਜਲੰਧਰ 'ਚ ਕਨਵੈਨਸ਼ਨ

ਜਲੰਧਰ (ਕੇਸਰ)

ਪੰਜਾਬ ਦੀਆਂ ਪ੍ਰਮੁੱਖ ਖੱਬੀਆਂ ਪਾਰਟੀਆਂ ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.), ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐੱਮ ਪੀ ਆਈ), ਸੀ.ਪੀ.ਆਈ. (ਐੱਮ.ਐੱਲ.) ਲਿਬਰੇਸ਼ਨ ਅਤੇ ਐੱਮ.ਸੀ.ਪੀ.ਆਈ. (ਯੂ.) ਵੱਲੋਂ 20 ਜੁਲਾਈ ਨੂੰ ਦੇਸ਼ ਭਗਤ ਯਾਦਗਾਰ ਜਲੰਧਰ ਵਿਖੇ ਸਾਂਝੀ ਸੂਬਾਈ ਕਨਵੈਨਸ਼ਨ ਕੀਤੀ ਜਾਵੇਗੀ। ਇਹ ਕਨਵੈਨਸ਼ਨ ਸੂਬੇ ਦੇ ਹਿੱਤਾਂ ਦੀ ਰਾਖੀ ਲਈ ਚਿੰਤਾਤੁਰ ਉਕਤ ਪਾਰਟੀਆਂ ਵੱਲੋਂ ਹਰਿਆਣਾ ਨੂੰ ਵਿਧਾਨ ਸਭਾ ਦੀ ਇਮਾਰਤ ਦੀ ਉਸਾਰੀ ਲਈ ਚੰਡੀਗੜ੍ਹ ਵਿਖੇ ਜਗ੍ਹਾ ਦੇਣ ਦੇ ਕੇਂਦਰ ਦੀ ਮੋਦੀ-ਸ਼ਾਹ ਸਰਕਾਰ ਦੇ ਭੜਕਾਊ ਅਤੇ ਪੱਖਪਾਤੀ ਫੈਸਲੇ ਖਿਲਾਫ਼ ਸਮੂਹ ਪੰਜਾਬੀਆਂ ਦਾ ਜਮਹੂਰੀ ਲੀਹਾਂ 'ਤੇ, ਬਾਜ਼ਾਬਤਾ ਸੰਘਰਸ਼ ਵਿੱਢਣ ਦੀ ਨਿੱਗਰ ਵਿਉਂਤਬੰਦੀ ਕਰਨ ਲਈ ਸੱਦੀ ਜਾ ਰਹੀ ਹੈ। ਇਹ ਜਾਣਕਾਰੀ ਉਪਰੋਕਤ ਦਲਾਂ ਦੇ ਪ੍ਰਮੁੱਖ ਆਗੂਆਂ ਸਰਵਸਾਥੀ ਬੰਤ ਬਰਾੜ, ਮੰਗਤ ਰਾਮ ਪਾਸਲਾ, ਗੁਰਮੀਤ ਸਿੰਘ ਬਖਤਪੁਰ, ਕਿਰਨਜੀਤ ਸੇਖੋਂ ਵੱਲੋਂ ਅੱਜ ਇੱਥੋਂ ਇਕ ਸਾਂਝਾ ਬਿਆਨ ਜਾਰੀ ਕਰਦਿਆਂ ਆਰ ਐੱਮ ਪੀ ਆਈ ਦੇ ਸੂਬਾ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ ਨੇ ਦਿੱਤੀ ਹੈ।ਕਮਿਊਨਿਸਟ ਆਗੂਆਂ ਨੇ ਰਾਸ਼ਟਰੀ ਸੋਇਮ ਸੇਵਕ ਸੰਘ ਦੇ ਸਿਆਸੀ ਵਿੰਗ ਭਾਜਪਾ ਦੀ ਫੈਡਰਲ ਅਧਿਕਾਰਾਂ ਦੀ ਘੋਰ ਵਿਰੋਧੀ ਸਰਕਾਰ ਦੇ ਉਕਤ ਕਦਮ ਨੂੰ ਪੰਜਾਬ ਅੰਦਰ ਬੇਮਿਸਾਲ ਕੁਰਬਾਨੀਆਂ ਸਦਕਾ ਕਾਇਮ ਕੀਤੀ ਗਈ ਅਮਨ-ਸ਼ਾਂਤੀ ਲਈ ਗੰਭੀਰ ਖਤਰਾ ਕਰਾਰ ਦਿੰਦਿਆਂ ਅਤੀਤ ਦੇ ਹੁਕਮਰਾਨਾਂ ਵੱਲੋਂ ਕੀਤੀਆਂ ਗਈਆਂ ਬੱਜਰ ਗਲਤੀਆਂ ਮੁੜ ਦੁਹਰਾਏ ਜਾਣ ਦਾ ਦੋਸ਼ ਲਾਇਆ ਹੈ। ਆਗੂਆਂ ਨੇ ਕਿਹਾ ਕਿ ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਵਸਾਏ ਚੰਡੀਗੜ੍ਹ ਉੱਪਰ ਦੇਸ਼ ਦੀ ਪਾਰਲੀਮੈਂਟ ਵੀ ਪੰਜਾਬ ਦੇ ਹੱਕ ਨੂੰ ਤਸਲੀਮ ਕਰ ਚੁੱਕੀ ਹੈ ਅਤੇ ਖਿੱਤੇ ਅੰਦਰ ਅਮਨ-ਬਹਾਲੀ ਲਈ ਕੀਤੇ ਗਏ 'ਰਾਜੀਵ-ਲੌਂਗੋਵਾਲ ਸਮਝੌਤੇ' ਰਾਹੀਂ ਵੀ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰਨ ਬਾਰੇ ਆਮ ਸਹਿਮਤੀ ਬਣ ਗਈ ਸੀ ਤਾਂ ਫਿਰ ਕੇਂਦਰ ਸਰਕਾਰ ਮੁੜ ਕੇ ਪੰਜਾਬ ਨੂੰ ਬਲਦੀ ਦੇ ਬੁੱਥੇ ਦੇਣ ਦੀਆਂ ਸਾਜ਼ਿਸ਼ਾਂ ਕਿਉਂ ਘੜ ਰਹੀ ਹੈ?

ਆਗੂਆਂ ਨੇ ਦੱਸਿਆ ਕਿ ਉਕਤ ਕਨਵੈਨਸ਼ਨ ਵੱਲੋਂ ਪੰਜਾਬ ਨਾਲ ਸਬੰਧਤ ਕੇਂਦਰੀ ਹੁਕਮਰਾਨਾਂ ਦੀ ਬਦਨੀਅਤ ਨਾਲ ਚਿਰਾਂ ਤੋਂ ਲਟਕਦੇ ਆ ਰਹੇ ਮਸਲਿਆਂ ਜਿਵੇਂ ਦਰਿਆਈ ਪਾਣੀਆਂ ਦੀ ਨਿਆਂ ਸੰਗਤ ਵੰਡ ਕਰਨ, ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਕਰਨ, ਪੰਜਾਬੀ ਮਾਤ ਭਾਸ਼ਾ ਨੂੰ ਦੇਸ਼ ਭਰ 'ਚ ਬਣਦਾ ਸਨਮਾਨ ਦੇਣ, ਚੰਡੀਗੜ੍ਹ ਪੱਕੇ ਤੌਰ 'ਤੇ ਪੰਜਾਬ ਦੇ ਹਵਾਲੇ ਕਰਨ ਆਦਿ ਮਸਲਿਆਂ ਦੇ ਸਰਵ ਪ੍ਰਵਾਨਿਤ ਤੇ ਤਰਕ ਸੰਗਤ ਹੱਲ ਕਰਨ ਲਈ ਵਿਸ਼ਾਲ ਲੋਕ ਲਾਮਬੰਦੀ ਦਾ ਵੀ ਨਿਰਣਾ ਲਿਆ ਜਾਵੇਗਾ। ਖੱਬੇ ਪੱਖੀ ਆਗੂਆਂ ਨੇ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਵੀ ਮੋਦੀ ਸਰਕਾਰ ਪ੍ਰਤੀ ਨਰਮ ਗੋਸ਼ਾ ਤਿਆਗ ਕੇ ਕੇਂਦਰੀ ਹੁਕਮਰਾਨਾਂ ਦੇ ਉਕਤ ਧੱਕੇ ਅਤੇ ਪੱਖਪਾਤ ਖਿਲਾਫ਼ ਡਟਵਾਂ ਸਟੈਂਡ ਲਵੇ ਅਤੇ ਪੰਜਾਬ ਨੂੰ ਇਨਸਾਫ ਦਿਵਾਉਣ ਲਈ ਸਮੁੱਚੇ ਪੰਜਾਬੀਆਂ ਨੂੰ ਨਾਲ ਲੈਣ ਦੀ ਠੋਸ ਪਹਿਲ ਕਰਨ ਵੱਲ ਵਧੇ।

ਤੂਰ ਨੇ ਕਰਾਈ ਬੱਲੇ-ਬੱਲੇ

ਬੈਂਕਾਕ : ਥਾਈਲੈਂਡ ਦੀ ਰਾਜਧਾਨੀ ਬੈਂਕਾਕ ਵਿਚ ਚੱਲ ਰਹੀ ਏਸ਼ੀਆਈ ਅਥਲੈਟਿਕਸ ਚੈਂਪੀਅਨਸ਼ਿਪ ਦੇ ਤੀਜੇ ਦਿਨ ਸ਼ੁੱਕਰਵਾਰ ਭਾਰਤ ਦੇ ਤੇਜਿੰਦਰ ਤੂਰ ਨੇ ਗੋਲਾ ਸੁੱਟਣ (ਸ਼ਾਟ ਪੁੱਟ) ਵਿਚ ਸੋਨ ਤਮਗਾ ਜਿੱਤ ਲਿਆ। ਉਸ ਨੇ 20.23 ਮੀਟਰ ਦੂਰ ਗੋਲਾ ਸੁੱਟਿਆ। ਈਰਾਨ ਦਾ ਸਬੇਰੀ ਮਹਿਦੀ 19.98 ਮੀਟਰ ਸੁੱਟ ਕੇ ਦੂਜੇ ਤੇ ਕਜ਼ਾਖਸਤਾਨ ਦਾ ਈਵਾਨ ਈਵਾਨੋਵ 19.87 ਮੀਟਰ ਸੁੱਟ ਕੇ ਤੀਜੇ ਸਥਾਨ 'ਤੇ ਰਹੇ। 28 ਸਾਲਾ ਤੂਰ ਏਸ਼ੀਆਈ ਚੈਂਪੀਅਨਸ਼ਿਪ ਖਿਤਾਬ ਬਰਕਰਾਰ ਰੱਖਣ ਵਾਲਾ ਤੀਜਾ ਸ਼ਾਟ ਪੁਟਰ ਬਣ ਗਿਆ ਹੈ। ਉਸਤੋਂ ਪਹਿਲਾਂ ਕਤਰ ਦੇ ਬਿਲਾਲ ਸਾਦ ਮੁਬਾਰਕ ਨੇ 1995 ਤੇ 1998 ਅਤੇ ਫਿਰ 2002 ਤੇ 2003 ਵਿਚ ਖਿਤਾਬ ਜਿੱਤਿਆ ਸੀ। ਕੁਵੈਤ ਦੇ ਮੁਹੰਮਦ ਗਰੀਬ ਅਲ ਜ਼ਿਨਕਾਵੀ ਨੇ ਇਕੱਠੇ ਤਿੰਨ ਵਾਰ 1979, 1981 ਤੇ 1983 ਵਿਚ ਖਿਤਾਬ ਜਿੱਤਿਆ ਸੀ। ਤੂਰ ਨੇ ਦੂਜੀ ਕੋਸ਼ਿਸ਼ 'ਚ ਹੀ ਸੋਨ ਤਮਗਾ ਪੱਕਾ ਕਰ ਲਿਆ ਪਰ ਪੱਠਾ ਖਿੱਚੇ ਜਾਣ ਕਾਰਨ ਉਹ ਪੱਟਾਂ 'ਤੇ ਹੱਥ ਧਰੀ ਬਾਹਰ ਨਿਕਲਿਆ। ਭਾਰਤ ਲਈ ਇਹ ਬਹੁਤ ਚਿੰਤਾ ਦੀ ਗੱਲ ਹੈ ਕਿਉਂਕਿ 17 ਤੋਂ 27 ਅਗਸਤ ਤਕ ਬੁੱਡਾਪੇਸਟ 'ਚ ਵਿਸ਼ਵ ਚੈਂਪੀਅਨਸ਼ਿਪ ਹੋਣੀ ਹੈ, ਜਿਸ ਲਈ ਉਸਨੇ ਪਿਛਲੇ ਮਹੀਨੇ ਭੁਬਨੇਸ਼ਵਰ 'ਚ 21.77 ਮੀਟਰ ਦਾ ਏਸ਼ੀਆਈ ਰਿਕਾਰਡ ਬਣਾ ਕੇ ਕੁਆਲੀਫਾਈ ਕੀਤਾ ਸੀ। ਤੂਰ ਇਸੇ ਸਮੱਸਿਆ ਕਾਰਨ 2022 ਦੀ ਵਿਸ਼ਵ ਚੈਂਪੀਅਨਸ਼ਿਪ ਵਿਚ ਵੀ ਹਿੱਸਾ ਨਹੀਂ ਲੈ ਸਕਿਆ ਸੀ ਤੇ ਬਰਮਿੰਘਮ 'ਚ ਕਾਮਨਵੈਲਥ ਗੇਮਾਂ 'ਚੋਂ ਵੀ ਬਾਹਰ ਰਹਿਣ ਲਈ ਮਜਬੂਰ ਹੋ ਗਿਆ ਸੀ। ਟੋਕੀਓ ਉਲੰਪਿਕ ਤੋਂ ਬਾਅਦ ਉਸਦੇ ਖੱਬੇ ਗੁੱਟ ਦੀ ਸਰਜਰੀ ਹੋਈ ਸੀ। ਬੈਂਕਾਕ ਮੁਕਾਬਲੇ ਵਿਚ ਵੀ ਉਸਨੇ ਖੱਬੇ ਗੁੱਟ 'ਤੇ ਪੱਟੀ ਬੰਨ੍ਹ ਕੇ ਹਿੱਸਾ ਲਿਆ।

ਕਿਸਾਨਾਂ ਨੂੰ ਝੋਨੇ ਦੀ ਪਨੀਰੀ ਮੁਫਤ ਦੇਵਾਂਗੇ : ਮਾਨ

ਲੋਹੀਆਂ/ਜਲੰਧਰ (ਰੀਨਾ ਸ਼ਰਮਾ, ਯੋਗੇਸ਼ਵਰ/ਸੁਰਿੰਦਰ ਕੁਮਾਰ, ਸ਼ੈਲੀ ਅਲਬਰਟ)

ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਆਪਣੇ ਯਤਨ ਜਾਰੀ ਰੱਖਦਿਆਂ ਸ਼ੁੱਕਰਵਾਰ ਪਿੰਡ ਮੰਡਾਲਾ ਛੰਨਾ 'ਚ ਧੁੱਸੀ ਬੰਨ੍ਹ 'ਚ ਪਏ ਪਾੜ ਨੂੰ ਪੂਰਨ ਸੰਬੰਧੀ ਚੱਲ ਰਹੇ ਕੰਮ ਦਾ ਨਿਰੀਖਣ ਕੀਤਾ। ਮੁੱਖ ਮੰਤਰੀ ਕਿਸ਼ਤੀ ਵਿੱਚ ਬੈਠ ਕੇ ਲੋਕਾਂ ਵਿਚਕਾਰ ਗਏ। ਉਨ੍ਹਾ ਉੱਘੇ ਵਾਤਾਵਰਣ ਪ੍ਰੇਮੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਅਗਵਾਈ ਹੇਠ ਵਲੰਟੀਅਰਾਂ ਵੱਲੋਂ ਇਸ ਪਾੜ ਨੂੰ ਪੂਰਨ ਲਈ ਜੰਗੀ ਪੱਧਰ 'ਤੇ ਕੀਤੇ ਗਏ ਮਿਸਾਲੀ ਕਾਰਜਾਂ ਦੀ ਸ਼ਲਾਘਾ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਜਿਹੜੇ ਲੋਕ ਇਹ ਸ਼ੇਖੀ ਮਾਰ ਰਹੇ ਹਨ ਕਿ ਕੇਂਦਰ ਨੇ 218 ਕਰੋੜ ਰੁਪਏ ਜਾਰੀ ਕੀਤੇ ਹਨ, ਉਨ੍ਹਾਂ ਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਫੰਡ 10 ਜੁਲਾਈ ਨੂੰ ਜਾਰੀ ਕੀਤੇ ਗਏ ਸਨ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਇਹ ਰਾਸ਼ੀ ਚਾਰ ਦਿਨਾਂ ਵਿੱਚ ਖਰਚ ਨਹੀਂ ਕਰ ਸਕਦੀ। ਸੂਬਾ ਸਰਕਾਰ ਵੱਲੋਂ ਪਹਿਲਾਂ ਹੀ ਰੋਕਥਾਮ ਦੇ ਕੀਤੇ ਪ੍ਰਬੰਧਾਂ ਸਦਕਾ ਘੱਟ ਨੁਕਸਾਨ ਹੋਇਆ ਹੈ। ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਬੇਸ਼ਰਮ ਆਗੂਆਂ ਨੂੰ ਅਜਿਹਾ ਬਿਆਨ ਦੇਣ ਤੋਂ ਪਹਿਲਾਂ ਆਪਣੇ ਅੰਦਰ ਝਾਤੀ ਮਾਰਨੀ ਚਾਹੀਦੀ ਹੈ। ਮੁੱਖ ਮੰਤਰੀ ਨੇ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੂੰ ਸਵਾਲ ਕੀਤਾ ਕਿ ਜਦੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੇਂਡੂ ਵਿਕਾਸ ਫੰਡਾਂ ਦੀ ਦੁਰਵਰਤੋਂ ਕੀਤੀ ਸੀ ਤਾਂ ਉਦੋਂ ਉਹ ਚੁੱਪ ਕਿਉਂ ਸਨ? ਉਨ੍ਹਾਂ ਕਿਹਾ ਕਿ ਸੁਨੀਲ ਜਾਖੜ ਉਸ ਸਮੇਂ ਕਾਂਗਰਸ ਦੇ ਸੂਬਾ ਪ੍ਰਧਾਨ ਸਨ, ਜਦੋਂ ਕੇਂਦਰ ਵੱਲੋਂ ਫੰਡ ਰੋਕੇ ਗਏ ਸਨ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਭਾਜਪਾ ਪ੍ਰਧਾਨ ਵਿਕਾਸ ਕਾਰਜਾਂ ਨੂੰ ਰੋਕਣ ਲਈ ਪੰਜਾਬ ਅਤੇ ਪੰਜਾਬ ਵਾਸੀਆਂ ਪ੍ਰਤੀ ਜਵਾਬਦੇਹ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੈਬਨਿਟ ਮੰਤਰੀ ਬਲਕਾਰ ਸਿੰਘ, ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ, ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਵਿਧਾਇਕ ਇੰਦਰਜੀਤ ਕੌਰ ਮਾਨ ਵੀ ਹਾਜ਼ਰ ਸਨ।

ਫਿਰੋਜ਼ਪੁਰ ਇਲਾਕੇ 'ਚ ਪਿੰਡ ਨਿਹਾਲਾ ਲਵੇਰਾ ਦਾ ਦੌਰਾ ਕਰਨ ਪੁੱਜੇ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਭਾਰੀ ਮੀਂਹ ਕਾਰਨ ਫਸਲਾਂ, ਘਰਾਂ ਅਤੇ ਹੋਰਾਂ ਦੇ ਨੁਕਸਾਨ ਦਾ ਪਤਾ ਲਾਉਣ ਲਈ ਵਿਸ਼ੇਸ਼ ਗਿਰਦਾਵਰੀ ਕਰਵਾਈ ਜਾਵੇਗੀ। ਉਨ੍ਹਾ ਕਿਹਾ ਕਿ ਡਿਪਟੀ ਕਮਿਸ਼ਨਰਾਂ ਨੂੰ ਬਰਸਾਤ ਕਾਰਨ ਹੋਏ ਨੁਕਸਾਨ ਦਾ ਪਹਿਲ ਦੇ ਅਧਾਰ 'ਤੇ ਪਤਾ ਲਾਉਣ ਲਈ ਤੁਰੰਤ ਗਿਰਦਾਵਰੀ ਕਰਨ ਲਈ ਵਿਸਥਾਰਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।

ਭਗਵੰਤ ਮਾਨ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਸਰਕਾਰ ਕੁਦਰਤ ਦੇ ਕਹਿਰ ਤੋਂ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਸਭ ਤੋਂ ਵੱਧ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਯਕੀਨੀ ਬਣਾਉਣ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ ਤਾਂ ਜੋ ਲੋਕਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾ ਕਿਹਾ ਕਿ ਸੂਬੇ ਦੇ ਸਾਰੇ ਡੈਮ ਸੁਰੱਖਿਅਤ ਹਨ ਅਤੇ ਪਾਣੀ ਖਤਰੇ ਦੇ ਨਿਸ਼ਾਨ ਤੋਂ ਹੇਠਾਂ ਵਹਿ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪਾਣੀ ਦੇ ਤੇਜ਼ ਵਹਾਅ ਕਾਰਨ ਕਈ ਥਾਈਂ ਖੇਤਾਂ ਵਿੱਚ ਝ

15-JULY-PAGE-1.qxd 7/14/2023 10:00 PM Page 2

ਸੰਸਥਾ ਵੱਲੋਂ ਲਵਾਰਸ ਲਾਸ਼ ਦਾ ਸਸਕਾਰ

ਬੁਢਲਾਡਾ (ਅਸ਼ੋਕ ਲਾਕੜਾ)-ਸਮਾਜ ਸੇਵੀ ਸੰਸਥਾ ਮਾਤਾ ਗੁਜਰੀ ਜੀ ਭਲਾਈ ਕੇਂਦਰ ਬੁਢਲਾਡਾ ਵੱਲੋਂ ਅੱਜ ਪੁਲਸ ਪ੍ਰਸ਼ਾਸਨ ਦੀ ਹਾਜ਼ਰੀ ਵਿੱਚ ਆਲਮਪੁਰ ਮੰਦਰਾਂ ਨਹਿਰ ਵਿਚੋਂ ਮਿਲੀ ਇੱਕ ਲਵਾਰਸ ਲਾਸ਼ ਦਾ ਸਸਕਾਰ ਬੱਸ ਸਟੈਂਡ ਦੇ ਨੇੜੇ ਸ਼ਮਸ਼ਾਨਘਾਟ ਵਿੱਚ ਪੂਰੀਆਂ ਰਸਮਾਂ ਨਾਲ ਅਰਦਾਸ ਕਰਕੇ ਕੀਤਾ ਗਿਆ। ਸੰਸਥਾ ਦੇ ਆਗੂ ਮਾਸਟਰ ਕੁਲਵੰਤ ਸਿੰਘ ਨੇ ਦੱਸਿਆ ਕਿ ਸੰਸਥਾ ਨੂੰ ਪੁਲਸ ਪ੍ਰਸ਼ਾਸਨ ਵੱਲੋਂ ਸੁਨੇਹਾ ਆਇਆ ਕਿ ਇੱਕ ਲਵਾਰਸ ਲਾਸ਼ ਦੇ ਸਸਕਾਰ ਲਈ ਤੁਹਾਡੇ ਸਹਿਯੋਗ ਦੀ ਲੋੜ ਹੈ। ਇਹ ਲਾਸ਼ ਕੁਝ ਦਿਨ ਪਹਿਲਾਂ ਪਿੰਡ ਮੰਦਰਾਂ ਦੀ ਨਹਿਰ ਵਿਚੋਂ ਕੱਢ ਕੇ ਬੁਢਲਾਡਾ ਹਸਪਤਾਲ ਵਿਚ ਸ਼ਨਾਖਤ ਲਈ ਰੱਖੀ ਗਈ ਪਰ 72 ਘੰਟੇ ਤੋਂ ਵੱਧ ਸਮਾਂ ਹੋ ਜਾਣ 'ਤੇ ਵੀ ਕੋਈ ਸ਼ਨਾਖਤ ਲਈ ਨਹੀਂ ਆਇਆ ਤਾਂ ਪੁਲਸ ਪ੍ਰਸ਼ਾਸਨ ਵੱਲੋਂ ਲਿਖਤੀ ਬੇਨਤੀ ਕਰਨ 'ਤੇ ਸੰਸਥਾ ਵੱਲੋਂ ਉਸ ਦਾ ਸਸਕਾਰ ਕਰਨ ਦਾ ਫੈਸਲਾ ਕੀਤਾ ਗਿਆ। ਲੱਕੜਾਂ ਦੀ ਸੇਵਾ ਹਾਂਗਕਾਂਗ ਦੇ ਗੁਰਪਿਆਰ ਸਿੰਘ ਵੱਲੋਂ ਕੀਤੀ ਗਈ। ਸੰਸਥਾ ਪਹਿਲਾਂ ਵੀ ਕਈ ਵਾਰ ਇਹ ਸੇਵਾ ਨਿਭਾ ਚੁੱਕੀ ਹੈ। ਇਸ ਮੌਕੇ ਪੁਲਸ ਵੱਲੋਂ ਏ ਐਸ ਆਈ ਗੁਰਮੀਤ ਸਿੰਘ, ਹੌਲਦਾਰ ਦਰਸ਼ਨ ਸਿੰਘ ਅਤੇ ਸੰਸਥਾ ਵੱਲੋਂ ਮਾਸਟਰ ਕੁਲਵੰਤ ਸਿੰਘ, ਕੁਲਦੀਪ ਸਿੰਘ ਅਨੇਜਾ, ਕੁਲਵਿੰਦਰ ਸਿੰਘ ਈ ਓ, ਬਲਬੀਰ ਸਿੰਘ ਕੈਂਥ, ਸੁਰਜੀਤ ਸਿੰਘ ਟੀਟਾ, ਸੋਹਣ ਸਿੰਘ ਘੜੀਆਂ ਵਾਲੇ, ਗੁਰਤੇਜ ਸਿੰਘ ਕੈਂਥ, ਨਰੇਸ਼ ਕੁਮਾਰ ਬੰਸੀ, ਇੰਦਰਜੀਤ ਸਿੰਘ ਟੋਨੀ, ਸਵਰਨਜੀਤ ਸਿੰਘ ਰਾਹੀ, ਨੱਥਾ ਸਿੰਘ, ਗੁਪਾਲ ਸਿੰਘ, ਗਿਆਨੀ ਦਸਮੀ ਸਿੰਘ ਆਦਿ ਹਾਜ਼ਰ ਸਨ।

ਯੂਥ ਵੀਰਾਂਗਣਾਵਾਂ ਨੇ ਪਰਸ ਰਾਮ ਨਗਰ 'ਚ ਮੁਫ਼ਤ ਸਿਲਾਈ ਸਿਖਲਾਈ ਸੈਂਟਰ ਖੋਲ੍ਹਿਆ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਯੂਥ ਵੀਰਾਂਗਣਾਏਂ (ਰਜਿ.) ਇਕਾਈ ਬਠਿੰਡਾ ਵੱਲੋਂ ਅੱਜ ਪਰਸ ਰਾਮ ਨਗਰ, ਗਲੀ ਨੰ.10/3 ਵਿਖੇ ਮੁਫ਼ਤ ਸਿਲਾਈ ਸਿਖਲਾਈ ਸੈਂਟਰ ਖੋਲ੍ਹਿਆ ਗਿਆ। ਸੈਂਟਰ ਦੇ ਉਦਘਾਟਨ ਮੌਕੇ ਗੁੱਡਵਿੱਲ ਸੁਸਾਇਟੀ (ਰਜਿ.) ਦੇ ਪ੍ਰਧਾਨ ਵਿਜੇ ਬਰੇਜਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਰੀਬਨ ਕੱਟ ਕੇ ਸਿਲਾਈ ਸੈਂਟਰ ਦਾ ਉਦਘਾਟਨ ਕਰਨ ਉਪਰੰਤ ਵਲੰਟੀਅਰਾਂ ਨੂੰ ਸੰਬੋਧਨ ਕਰਦਿਆਂ ਬਰੇਜਾ ਨੇ ਕਿਹਾ ਕਿ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਵੱਖ-ਵੱਖ ਲੋਕ ਭਲਾਈ ਦੇ ਕਾਰਜ ਸ਼ਲਾਘਾਯੋਗ ਹਨ। ਉਨ੍ਹਾਂ ਸਿਖਲਾਈ ਹਾਸਲ ਕਰਨ ਵਾਲੀਆਂ ਬੱਚੀਆਂ ਨੂੰ ਕਿਹਾ ਕਿ ਉਹ ਪੂਰੀ ਲਗਨ ਨਾਲ ਸਿਖਲਾਈ ਹਾਸਲ ਕਰਨ ਤਾਂ ਕਿ ਭਵਿੱਖ ਵਿਚ ਆਪਣੇ ਪੈਰਾਂ 'ਤੇ ਖੜ੍ਹੀਆਂ ਹੋ ਸਕਣ। ਉਨਾਂ ਯੂਥ ਵਲੰਟੀਅਰਾਂ ਨੂੰ ਭਰੋਸਾ ਦਵਾਇਆ ਕਿ ਗੁੱਡਵਿੱਲ ਸੁਸਾਇਟੀ ਉਨ੍ਹਾਂ ਦੇ ਨਾਲ ਹਮੇਸ਼ਾ ਖੜ੍ਹੀ ਹੈ ਅਤੇ ਲੋਕ ਭਲਾਈ ਕੰਮਾਂ ਵਿਚ ਉਨਾਂ ਦੀ ਹਰ ਸੰਭਵ ਸਹਾਇਤਾ ਕਰੇਗੀ। ਯੂਥ ਵਲੰਟੀਅਰ ਸੋਨੀ ਨੇ ਕਿਹਾ ਕਿ ਮਹਿਲਾਵਾਂ ਨੂੰ ਆਰਥਕ ਪੱਖੋਂ ਮਜ਼ਬੂਤ ਬਣਾਉਣਾ ਹੀ ਸਾਡਾ ਮੁੱਖ ਉਦੇਸ਼ ਹੈ। ਤਿੰਨ ਮਹੀਨੇ ਚੱਲਣ ਵਾਲੇ ਇਸ ਸੈਂਟਰ ਵਿਚ ਲਗਭਗ 20 ਲੜਕੀਆਂ ਨੂੰ ਯੂਥ ਵਲੰਟੀਅਰਾਂ ਜਸਵੀਰ ਕੌਰ, ਮਹਿੰਦਰ ਕੌਰ ਅਤੇ ਰਾਜਵਿੰਦਰ ਕੌਰ ਵੱਲੋਂ ਟ੍ਰੇਨਿੰਗ ਦਿੱਤੀ ਜਾਵੇਗੀ। ਇਸ ਮੌਕੇ ਯੂਥ ਵੀਰਾਂਗਣਾਏਂ ਸੁਖਵੀਰ, ਨੀਤੂ, ਅੰਕਿਤਾ, ਰੇਖਾ, ਸੁਖਵਿੰਦਰ ਅਤੇ ਹੋਰ ਮੈਂਬਰਾਂ ਹਾਜ਼ਰ ਸਨ।

ਪੁਰਾਣੇ ਵਿਦਿਆਰਥੀਆਂ ਦੀ ਮੀਟਿੰਗ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਬੀਤੇ ਦਿਨੀਂ ਟੀ ਪੀ ਡੀ ਮਾਲਵਾ ਕਾਲਜ ਪੰਜਾਬੀ ਯੂਨੀਵਰਸਿਟੀ ਪਟਿਆਲਾ ਫੂਲ ਮਹਿਰਾਜ, ਰਾਮਪੁਰਾ ਫੂਲ ਦੇ ਪ੍ਰਿੰਸੀਪਲ ਡਾ.ਬਰਿੰਦਰ ਕੌਰ ਅਤੇ ਅਧਿਆਪਕ ਮੁਖੀ ਪ੍ਰੋ. ਬਲਜਿੰਦਰ ਸਿੰਘ ਦੇ ਯਤਨਾਂ ਸਦਕਾ ਪੁਰਾਣੇ ਵਿਦਿਆਰਥੀਆਂ ਦੀ ਮੀਟਿੰਗ ਰੱਖੀ ਗਈ। ਜਾਣਕਾਰੀ ਦਿੰਦਿਆਂ ਜਗਜੀਵਨ ਸਿੰਘ ਲਾਡੀ ਢਿੱਲੋਂ ਕਰਾੜਵਾਲਾ ਨੇ ਦੱਸਿਆ ਕਿ ਮੀਟਿੰਗ ਦੌਰਾਨ ਜਗਤਾਰ ਸਿੰਘ ਫੂਲ ਅਤੇ ਗੁਰਦਰਸ਼ਨ ਬਾਹੀਆ ਦੀ ਲਿਖੀ ਕਿਤਾਬ "ਕਾਲੇਪਾਣੀ" ਜਾਰੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਕੱਠੇ ਹੋਏ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਨੇ ਕਾਲਜ ਸਮੇਂ ਦੀਆਂ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕੀਤਾ ਅਤੇ ਆਪੋ ਆਪਣੇ ਵਿਚਾਰ ਸਾਂਝੇ ਕੀਤੇ। ਮੀਟਿੰਗ ਦੌਰਾਨ ਇਕੱਤਰ ਹੋਏ ਪੁਰਾਣੇ ਵਿਦਿਆਰਥੀਆਂ ਨੇ ਪ੍ਰਿੰਸੀਪਲ ਡਾ.ਬਰਿੰਦਰ ਕੌਰ ਅਤੇ ਅਧਿਆਪਕ ਮੁਖੀ ਪ੍ਰੋ. ਬਲਜਿੰਦਰ ਸਿੰਘ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਰਿਟਾਇਰਡ ਪ੍ਰੋ. ਮੁਖਤਿਆਰ ਸਿੰਘ ਬਰਾੜ, ਸਮਾਗਮ ਦੇ ਮੁੱਖ ਮਹਿਮਾਨ ਸੁਰਜੀਤ ਸਿੰਘ ਬੋਪਾਰਾਏ, ਭੋਲਾ ਸਿੰਘ ਸਿਧਾਣਾ, ਬਾਬਰ ਸਿੰਘ ਗਿੱਲ ਕਲਾਂ, ਸੰਦੀਪ ਸਿੰਘ ਬਾਠ, ਐਡਵੋਕੇਟ ਗੁਰਪ੍ਰੀਤ ਸਿੰਘ ਢਿੱਲੋਂ, ਐਡਵੋਕੇਟ ਦਿਨੇਸ਼ ਕੁਮਾਰ, ਬਲਜਿੰਦਰ ਸਿੰਘ ਕਾਕਾ, ਲਛਮਣ ਸਿੰਘ ਪੰਜਾਬ ਪੁਲਸ, ਮਾਸਟਰ ਮੰਗਤ ਜੀ, ਅਮਨਦੀਪ ਸਿੰਘ ਭੀਮ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

ਐਸ ਡੀ ਐਮ ਨੇ ਸਮਾਜ ਸੇਵੀ ਸੰਸਥਾ ਦੇ ਨੁਮਾਇੰਦਿਆਂ ਨਾਲ ਕੀਤੀ ਮੀਟਿੰਗ

ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਜਸ਼ਨਜੀਤ ਸਿੰਘ ਐਸ.ਡੀ.ਐਮ ਗਿੱਦੜਬਾਹਾ ਨੇ ਅੱਜ ਐਸ.ਡੀ.ਐਮ ਦਫਤਰ ਗਿੱਦੜਬਾਹਾ ਵਿਖੇ ਸ਼ਹਿਰ ਦੀਆਂ ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ਦੇ ਮੁਖੀਆਂ ਨਾਲ ਇਲਾਕੇ ਵਿਚ ਸੰਭਾਵਿਤ ਹੜ੍ਹਾਂ ਵਰਗੀ ਸਥਿਤੀ ਨਾਲ ਨਜਿੱਠਣ ਲਈ ਮੀਟਿੰਗ ਕੀਤੀ। ਇਸ ਮੌਕੇ ਐਸ ਡੀ ਐਮ ਨੇ ਸਮਾਜ ਸੇਵੀ ਸੰਸਥਾਵਾਂ ਅਤੇ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸੰਭਾਵਿਤ ਹੜ੍ਹਾਂ ਦੀ ਸਥਿਤੀ ਵਿਚ ਪ੍ਰਸ਼ਾਸਨ ਨੂੰ ਸਹਿਯੋਗ ਕਰਨ ਤਾਂ ਜੋ ਇਲਾਕਾ ਨਿਵਾਸੀਆਂ ਨੂੰ ਮੁਸ਼ਕਲ ਪੇਸ਼ ਨਾ ਆਵੇ ਅਤੇ ਹੜ੍ਹਾਂ ਦੇ ਪਾਣੀ ਨਾਲ ਹੋਣ ਵਾਲੇ ਜਾਨੀ ਅਤੇ ਮਾਲੀ ਨੁਕਸਾਨ ਤੋਂ ਬਚਾਇਆ ਜਾ ਸਕੇ। ਉਨ੍ਹਾਂ ਇਲਾਕੇ ਦੇ ਦਾਨੀ ਸੱਜਣਾਂ ਨੂੰ ਅਪੀਲ ਕੀਤੀ ਜੇਕਰ ਸੰਭਾਵਿਤ ਹੜ੍ਹਾਂ ਦੀ ਸਥਿਤੀ ਬਣਦੀ ਹੈ ਤਾਂ ਉਹ ਆਪਸੀ ਵੈਰ ਵਿਰੋਧ ਭੁਲਾ ਕੇ ਇਕ ਦੂਜੇ ਦੀ ਵੱਧ ਤੋਂ ਵੱਧ ਮਦਦ ਕਰਨ। ਇਸ ਮੌਕੇ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਭਰੋਸਾ ਦਿੱਤਾ ਕਿ ਉਹ ਜ਼ਿਲ੍ਹਾ ਪ੍ਰਸ਼ਾਸਨ ਦਾ ਪੂਰਨ ਸਹਿਯੋਗ ਕਰਨਗੇ।

ਪੰਜਾਬ ਇਸਤਰੀ ਸਭਾ ਜ਼ਿਲ੍ਹਾ ਪਟਿਆਲਾ ਦੀ ਮੀਟਿੰਗ

ਨਾਭਾ (ਵਰਿੰਦਰ ਵਰਮਾ)-ਪੰਜਾਬ ਇਸਤਰੀ ਸਭਾ ਜ਼ਿਲਾ ਪਟਿਆਲਾ ਦੀ ਮੀਟਿੰਗ ਬਲਜੀਤ ਕੌਰ ਗਦਾਈਆ ਦੀ ਪ੍ਰਧਾਨਗੀ ਹੇਠ ਰਵਿਦਾਸ ਸੇਵਾ ਸੁਸਾਇਟੀ ਡਾ. ਭੀਮ ਰਾਓ ਅੰਬੇਦਕਰ ਭਵਨ ਬੌੜਾ ਗੇਟ ਨਾਭਾ ਵਿਖੇ ਹੋਈ। ਜ਼ਿਲ੍ਹਾ ਜਨਰਲ ਸਕੱਤਰ ਕਸ਼ੱਲਿਆ ਭਾਰਦਵਾਜ ਨੇ ਦੱਸਿਆ ਕਿ ਤਿੰਨ ਆਗੂ ਜਨਰਲ ਸਕੱਤਰ ਐਨੀ ਰਾਜਾ, ਸਕੱਤਰ ਨਿਸ਼ਾ ਸਿੱਧੂ ਅਤੇ ਸੁਪਰੀਮ ਕੋਰਟ ਦੀ ਵਕੀਲ ਦੀਕਸ਼ਾ ਦਿਵੇਦੀ ਨੇ ਦੰਗਾਗ੍ਰਸਤ ਰਾਜ ਮਨੀਪੁਰ ਦਾ ਦੌਰਾ ਕੀਤਾ। ਕੈਂਪਾਂ ਵਿੱਚ ਜਾ ਕੇ ਪੀੜਤ ਲੋਕਾਂ ਨੂੰ ਮਿਲੇ ਅਤੇ ਉਹਨਾਂ ਦੀਆਂ ਮੁਸ਼ਕਲਾਂ ਸੁਣੀਆਂ। ਉਹਨਾਂ ਨੇ ਹਿੰਸਾ ਦੇ ਕਾਰਨ ਜਾਣਨ ਦੀ ਵੀ ਕੋਸ਼ਿਸ਼ ਕੀਤੀ। ਐਨ ਐਫ ਆਈ ਡਬਲਯੂ ਦੀ ਜਨਰਲ ਸਕੱਤਰ ਐਨੀ ਰਾਜਾ ਨੇ ਸਾਰੇ ਰਾਜਾਂ ਨੂੰ ਅਪੀਲ ਕੀਤੀ ਕਿ ਦੰਗਾ ਪੀੜਤਾਂ ਦੀ ਮਦਦ ਲੋੜੀਦੀਆਂ ਵਸਤੂਆਂ ਭੇਜ ਕੇ ਜਾਂ ਆਰਥਿਕ ਸਹਾਇਤਾ ਕੀਤੀ ਜਾਵੇ। ਇਹਨਾਂ ਤਿੰਨਾਂ ਆਗੂਆਂ ਤੇ ਬੇ ਜੇ ਪੀ ਦ ਸਰਕਾਰ ਦੇ ਮਨੀਪੁਰ ਦੇ ਪੁਲਸ ਇੰਚਾਰਜ ਲਿਬੇਨ ਸਿੰਘ ਦੀ ਸ਼ਿਕਾਇਤ 'ਤੇ ਕੇਸ ਦਰਜ ਕਰ ਲਿਆ ਹੈ ਕਿ ਇਹਨਾਂ ਨੇ ਦੰਗਿਆਂ ਨੂੰ ਸਰਕਾਰੀ ਸ਼ਹਿ ਪ੍ਰਾਪਤ ਦੱਸਿਆ ਅਤੇ ਮਨੀਪੁਰ ਦੇ ਮੁੱਖ ਮੰਤਰੀ ਦੇ ਅਸਤੀਫੇ ਨੂੰ ਡਰਾਮਾ ਦੱਸਿਆ ਹੈ। ਪੰਜਾਬ ਇਸਤਰੀ ਸਭਾ ਜ਼ਿਲ੍ਹਾ ਦੀਆਂ ਆਗੂ ਭੈਣ ਸਰਪ੍ਰਸਤ ਰਵਿੰਦਰਜੀਤ ਕੌਰ ਪਟਿਆਲਾ, ਹਰਸਰਨਜੀਤ ਕੌਰ, ਦਲਜੀਤ ਕੌਰ ਨੌਗੀ, ਮਨਜੀਤ ਕੌਰ ਸੁੱਖੇਵਾਲ, ਸੁਖਵਿੰਦਰ ਕੌਰ ਸੁੱਖੇਵਾਲ, ਚਰਨਜੀਤ ਕੌਰ ਨਾਭਾ, ਮਨਜੀਤ ਕੌਰ ਲੱਧਾਹੇੜੀ, ਦਰਸ਼ਨ ਕੌਰ ਬਨੇਰਾ ਖੁਰਦ, ਅਮਨਦੀਪ ਕੌਰ ਬਨੇਰਾ ਖੁਰਦ ਨੇ ਇਸ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਇਸ ਨੂੰ ਗੈਰ ਜਮਹੂਰੀ ਕਾਰਾ ਕਰਾਰ ਦਿੱਤਾ ਹੈ। ਇਹ ਵੀ ਮੰਗ ਕੀਤੀ ਗਈ ਕਿ ਕੇਸ ਨੂੰ ਜਲਦੀ ਤੋਂ ਜਲਦੀ ਰੱਦ ਕੀਤਾ ਜਾਵੇ।

ਪੰਜਾਬ ਸਰਕਾਰ 18 ਦੀ ਮੀਟਿੰਗ 'ਚ ਮੁਲਾਜ਼ਮ ਤੇ ਪੈਨਸ਼ਨਰਾਂ ਦੀਆਂ ਸਾਂਝੀਆਂ ਮੰਗਾਂ ਦਾ ਤੁਰੰਤ ਨਿਪਟਾਰਾ ਕਰੇ : ਆਗੂ

ਕੋਟਕਪੂਰਾ (ਰਛਪਾਲ ਭੁੱਲਰ)

ਪੰਜਾਬ ਪੈਨਸ਼ਨਰਜ਼ ਯੂਨੀਅਨ (ਏਟਕ) ਜ਼ਿਲ੍ਹਾ ਫਰੀਦਕੋਟ ਦੀ ਇੱਕ ਮੀਟਿੰਗ ਸਥਾਨਕ ਸ਼ਹੀਦ ਭਗਤ ਸਿੰਘ ਪਾਰਕ ਵਿਖੇ ਜਥੇਬੰਦੀ ਦੇ ਜ਼ਿਲ੍ਹਾ ਜਨਰਲ ਸਕੱਤਰ ਪ੍ਰੇਮ ਚਾਵਲਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸੂਬਾਈ ਪੈਨਸ਼ਨਰ ਆਗੂ ਅਸ਼ੋਕ ਕੌਸ਼ਲ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ 18 ਜੁਲਾਈ ਨੂੰ 'ਪੰਜਾਬ ਯੂ ਟੀ ਮੁਲਾਜ਼ਮ ਤੇ ਪੈਨਸ਼ਨਰ ਫਰੰਟ' ਨਾਲ ਹੋਣ ਵਾਲੀ ਮੀਟਿੰਗ ਵਿੱਚ ਵਰ੍ਹਿਆਂ ਤੋਂ ਮੁਲਾਜ਼ਮਾਂ ਤੇ ਪੈਨਸ਼ਨਰਜ਼ ਦੀਆਂ ਲਟਕ ਰਹੀਆਂ ਮੰਗਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ। ਮੀਟਿੰਗ ਨੂੰ ਪੈਨਸ਼ਨਰ ਆਗੂ ਸੋਮ ਨਾਥ ਅਰੋੜਾ, ਅਮਰਜੀਤ ਕੌਰ ਛਾਬੜਾ, ਤਰਸੇਮ ਨਰੂਲਾ, ਗੁਲਵੰਤ ਸਿੰਘ, ਮੇਜਰ ਸਿੰਘ, ਹਾਕਮ ਸਿੰਘ, ਹਰਦੇਵ ਸਿੰਘ ਗਿੱਲ, ਜਸਪਾਲ ਸਿੰਘ, ਵਿਨੋਦ ਕੁਮਾਰ ਤੇ ਸੁਖਦਰਸ਼ਨ ਸਿੰਘ ਗਿੱਲ ਨੇ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰ ਮਿਤੀ 1-1-2016 ਤੋਂ 30-6-2021 ਦਾ ਤਨਖਾਹ ਕਮਿਸ਼ਨ ਤੇ ਡੀ ਏ ਦਾ ਬਣਦਾ ਬਕਾਇਆ ਤੁਰੰਤ ਦਿੱਤਾ ਜਾਵੇ, ਜੁਲਾਈ 2022 ਤੇ ਜਨਵਰੀ 2023 ਦੀਆਂ ਡੀ ਏ ਦੀਆਂ 8 ਫੀਸਦੀ ਕਿਸ਼ਤਾਂ ਤੁਰੰਤ ਜਾਰੀ ਕੀਤੀਆਂ ਜਾਣ, ਸੋਧੀ ਹੋਈ ਕੈਸ਼ਲੈਸ ਇਲਾਜ ਦੀ ਸਕੀਮ ਲਾਗੂ ਕੀਤੀ ਜਾਵੇ, ਪੁਰਾਣੀ ਪੈਨਸ਼ਨ ਸਕੀਮ ਤੁਰੰਤ ਬਹਾਲ ਕੀਤੀ ਜਾਵੇ, ਸਮੂਹ ਠੇਕਾ ਤੇ ਆਊਟਸੋਰਸ ਮੁਲਾਜ਼ਮਾਂ ਨੂੰ ਤੁਰੰਤ ਰੈਗੂਲਰ ਕੀਤਾ ਜਾਵੇ। ਆਗੂਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਕਿ ਜੇਕਰ ਇਨ੍ਹਾਂ ਮੰਗਾਂ ਦਾ ਨਿਪਟਾਰਾ ਨਾ ਕੀਤਾ ਗਿਆ ਤਾਂ ਸਾਂਝੇ ਫਰੰਟ ਵੱਲੋਂ ਪੰਜਾਬ ਸਰਕਾਰ ਦੇ ਪੰਜ ਮੰਤਰੀਆਂ ਦੇ ਘਰਾਂ ਦਾ ਘਿਰਾਓ ਕਰਨ ਦੇ ਦਿੱਤੇ ਗਏ ਸੱਦੇ ਵਿੱਚ ਜਥੇਬੰਦੀ ਲੱਗੇ ਕੋਟੇ ਮੁਤਾਬਕ ਪੂਰੀ ਸਰਗਰਮੀ ਨਾਲ ਭਾਗ ਲਵੇਗੀ।

ਘੱਗਰ ਨਦੀ ਨੂੰ ਨੱਥ ਚੂੜਾ ਚੜ੍ਹਾਉਣਾ ਰੂੜ੍ਹੀਵਾਦੀ ਤੇ ਗੁੰਮਰਾਹਕੁੰਨ ਰਵਾਇਤ : ਤਰਕਸ਼ੀਲ ਆਗੂ

ਸੰਗਰੂਰ (ਪ੍ਰਵੀਨ ਸਿੰਘ)-ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੇ ਆਗੂਆਂ ਮਾਸਟਰ ਪਰਮਵੇਦ, ਸੁਰਿੰਦਰ ਪਾਲ, ਸੀਤਾ ਰਾਮ, ਕ੍ਰਿਸ਼ਨ ਸਿੰਘ, ਗੁਰਦੀਪ ਸਿੰਘ, ਚਰਨ ਕਮਲ ਸਿੰਘ, ਪ੍ਰਗਟ ਸਿੰਘ ਬਾਲੀਆਂ ਤੇ ਰਘਵੀਰ ਸਿੰਘ ਨੇ ਸੰਸਦ ਮੈਂਬਰ ਪਰਨੀਤ ਕੌਰ ਅਤੇ ਉਸ ਦੀ ਪੁੱਤਰੀ ਜੈ ਇੰਦਰ ਕੌਰ ਵੱਲੋਂ ਘੱਗਰ ਨਦੀ ਨੂੰ ਨੱਥ-ਚੂੜਾ ਚੜ੍ਹਾਉਣ ਦੀ ਰੂੜ੍ਹੀਵਾਦੀ ਰਵਾਇਤ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਇਸ ਨੂੰ ਪੰਜਾਬ ਦੇ ਲੋਕਾਂ ਵਿਚ ਅੰਧ ਵਿਸ਼ਵਾਸ ਫੈਲਾਉਣ ਵਾਲੀ ਲੋਕ ਵਿਰੋਧੀ ਅਤੇ ਗੈਰ ਕਾਨੂੰਨੀ ਕਾਰਵਾਈ ਕਰਾਰ ਦਿੱਤਾ ਹੈ। ਤਰਕਸ਼ੀਲ ਆਗੂਆਂ ਨੇ ਸਪੱਸ਼ਟ ਕੀਤਾ ਕਿ ਘੱਗਰ ਨਦੀ ਵਿਚ ਹਰ ਸਾਲ ਨੱਥ ਚੂੜਾ ਚੜ੍ਹਾਉਣ ਅਤੇ ਮੰਤਰਾਂ, ਅਰਦਾਸਾਂ ਦਾ ਜਾਪ ਕਰਨ ਨਾਲ ਅੱਜ ਤਕ ਕਦੇ ਵੀ ਲੋਕਾਂ ਨੂੰ ਹੜ੍ਹਾਂ ਦੀ ਮਾਰ ਤੇ ਜਾਨ ਮਾਲ ਦੇ ਭਾਰੀ ਨੁਕਸਾਨ ਤੋਂ ਨਹੀਂ ਬਚਾਇਆ ਜਾ ਸਕਿਆ। ਇਸ ਘਰਾਣੇ ਵੱਲੋਂ ਕਈ ਸਾਲਾਂ ਤੋਂ ਅਜਿਹਾ ਕਰਨ ਦੇ ਬਾਵਜੂਦ ਘੱਗਰ ਨਦੀ ਦਾ ਪਾਣੀ ਲਗਾਤਾਰ ਲੋਕਾਂ ਦਾ ਵੱਡਾ ਨੁਕਸਾਨ ਕਰਦਾ ਹੈ। ਤਰਕਸ਼ੀਲ ਆਗੂਆਂ ਨੇ ਇਸ ਸੰਬੰਧੀ ਲੋਕਾਂ ਨੂੰ ਸੁਚੇਤ ਕਰਦਿਆਂ ਸਪੱਸ਼ਟ ਕੀਤਾ ਕਿ ਹੜ੍ਹਾਂ ਦਾ ਆਉਣਾ ਇਕ ਕੁਦਰਤੀ ਤਰਾਸਦੀ ਹੈ ਪਰ ਸਾਮਰਾਜ ਪੱਖੀ ਹਕੂਮਤਾਂ ਵੱਲੋਂ ਕਾਰਪੋਰੇਟ ਪੱਖੀ ਮੁਨਾਫਾਖੋਰ ਨੀਤੀਆਂ ਹੇਠ ਕੁਦਰਤੀ ਸਰੋਤਾਂ ਦੀ ਕੀਤੀ ਜਾ ਰਹੀ ਅੰਨ੍ਹੀ ਲੁੱਟ, ਜੰਗਲਾਂ ਦੀ ਅੰਨ੍ਹੇਵਾਹ ਕਟਾਈ, ਗੈਰ ਯੋਜਨਾਬੱਧ ਪ੍ਰੋਜੈਕਟ, ਵੱਡੇ ਕਾਰਖਾਨਿਆਂ ਅਤੇ ਅੰਧ ਵਿਸ਼ਵਾਸੀ ਲੋਕਾਂ ਰਾਹੀਂ ਨਦੀਆਂ, ਨਾਲਿਆਂ ਤੇ ਦਰਿਆਵਾਂ ਵਿਚ ਸੁੱਟਿਆ ਜਾ ਰਿਹਾ ਗੰਦਾ ਪਾਣੀ ਤੇ ਧਾਰਮਕ ਸਮੱਗਰੀ ਅਤੇ ਉਨ੍ਹਾਂ ਦੀ ਨਿਯਮਤ ਸਫਾਈ ਨਾ ਹੋਣ, ਹੜ੍ਹਾਂ ਦੀ ਰੋਕਥਾਮ ਲਈ ਠੋਸ ਯੋਜਨਾਬੰਦੀ ਦੀ ਘਾਟ ਅਤੇ ਮੌਜੂਦਾ ਭ੍ਰਿਸ਼ਟ ਰਾਜ ਪ੍ਰਬੰਧ ਆਦਿ ਅਜਿਹੇ ਕਾਰਨ ਜ਼ਿੰਮੇਵਾਰ ਹਨ ਜਿਨ੍ਹਾਂ ਕਰਕੇ ਹਰ ਸਾਲ ਪੰਜਾਬ ਅਤੇ ਦੇਸ਼ ਦੇ ਲੋਕਾਂ ਦਾ ਕੀਮਤੀ ਜਾਨੀ ਅਤੇ ਅਰਬਾਂ ਰੁਪਏ ਦਾ ਆਰਥਕ ਨੁਕਸਾਨ ਕੀਤਾ ਜਾਂਦਾ ਹੈ ਜਿਸ ਲਈ ਕੋਈ ਦੈਵੀ ਸ਼ਕਤੀ ਨਹੀਂ

15-July-PAGE- 3 qxd.qxd 7/14/2023 10:09 PM Page 1

ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਨੇ ਟ੍ਰੈਵਲ ਏਜੰਟ ਖਿਲਾਫ ਲਗਾਇਆ ਧਰਨਾ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)— ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਵਲੋਂ ਕਾਦੀਆਂ ਰੋਡ 'ਤੇ ਟ੍ਰੈਵਲ ਏਜੰਟ ਮਨਮੋਹਨ ਸਿੰਘ ਦੇ ਖਿਲਾਫ ਲਗਾਤਾਰ ਜਾਰੀ ਧਰਨਾ ਅੱਜ ਸ਼ਾਮ ਸਮਾਪਤ ਕਰ ਦਿੱਤਾ ਗਿਆ। ਜ਼ਿਲਾ ਪ੍ਰਧਾਨ ਕੁਲਦੀਪ ਸਿੰਘ ਦਾਦੂਯੋਧ ਅਤੇ ਸਕੱਤਰ ਦੀ ਅਗਵਾਈ ਵਿਚ ਚੱਲੇ ਧਰਨੇ ਨੂੰ ਸੰਬੋਧਨ ਕਰਦਿਆਂ ਲੋਕ ਸੰਗਰਾਮ ਮੋਰਚਾ ਪੰਜਾਬ ਦੇ ਸੂਬਾ ਆਗੂ ਮਾਸਟਰ ਗੁਰਚਰਨ ਸਿੰਘ ਟਾਹਲੀ ਜ਼ਿਲ੍ਹਾ ਖਜ਼ਾਨਚੀ ਪਾਲ ਸਿੰਘ ਚੀਮਾ ਖੁੱਡੀ ਸੀਨੀਅਰ ਮੀਤ ਪ੍ਰਧਾਨ ਸੁਬੇਗ ਸਿੰਘ ਠੱਠਾ ਬਲਾਕ ਫਤਿਹਗੜ੍ਹ ਚੂੜੀਆਂ ਦੇ ਪ੍ਰਧਾਨ ਹਰਜੰਤ ਸਿੰਘ ਪੰਨਵਾਂ, ਬਲਾਕ ਡੇਰਾ ਬਾਬਾ ਨਾਨਕ ਪ੍ਰਧਾਨ ਦਿਲਬਾਗ ਸਿੰਘ ਪੱਬਾਂਰਾਲੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਮਨਪ੍ਰੀਤ ਸਿੰਘ ਪੁੱਤਰ ਬਲਬੀਰ ਸਿੰਘ ਪਿੰਡ ਕੰਗ ਜ਼ਿਲ੍ਹਾ ਤਰਨਤਾਰਨ ਤੋਂ ਵਿਦੇਸ਼ ਭੇਜਣ ਲਈ ਇਕ ਲੱਖ ਤਰੇਹਠ ਹਜ਼ਾਰ ਰੁਪਏ ਲਏ ਸਨ ਪਰ ਨਾ ਬਾਹਰ ਭੇਜਿਆ ਅਤੇ ਨਾ ਹੀ ਪੈਸੇ ਵਾਪਸ ਕੀਤੇ। ਇਸ ਵਾਸਤੇ ਕਈ ਵਾਰ ਅਪੀਲ ਕਰਨ ਦੇ ਬਾਵਜੂਦ ਇਸ ਨੇ ਕੋਈ ਪੱਲਾ ਨਹੀਂ ਫੜਾਇਆ ਅਤੇ ਮਜਬੂਰ ਹੋ ਕੇ ਜਥੇਬੰਦੀ ਨੂੰ ਇਸ ਦੇ ਦਫਤਰ ਸਾਹਮਣੇ ਧਰਨਾ ਲਾਉਣਾ ਪਿਆ। ਇਸ ਖਿਲਾਫ ਚਲਦੇ ਧਰਨੇ ਦੌਰਾਨ ਹੀ ਦਰਜਨਾਂ ਹੋਰ ਨੌਜਵਾਨ ਵੀ ਸ਼ਾਮਲ ਹੋ ਗਏ ਜਿਨ੍ਹਾਂ ਨਾਲ ਇਸ ਨੇ ਠੱਗੀਆਂ ਮਾਰੀਆਂ ਸਨ। ਵੱਡੀ ਗਿਣਤੀ ਵਿਚ ਇਕੱਤਰ ਕਿਸਾਨਾਂ ਤੇ ਮਜ਼ਦੂਰਾਂ ਦੀ ਮੌਜੂਦਗੀ ਵਿੱਚ ਵੱਖ-ਵੱਖ ਵਿਅਕਤੀਆਂ ਨੇ ਆਪਣੀ ਵਿਥਿਆ ਸੁਣਾਈ। ਆਖਿਰ ਲੋਕਾਂ ਦੇ ਵਧਦੇ ਦਬਾਅ ਕਾਰਨ ਪੁਲਸ ਪ੍ਰਸ਼ਾਸਨ ਦੀ ਹਾਜ਼ਰੀ ਵਿੱਚ ਏਜੰਟ ਨੇ ਪੈਸੇ ਵਾਪਸ ਕਰ ਦਿੱਤੇ ਅਤੇ ਹੋਰ ਨੌਜਵਾਨਾਂ ਦੇ ਮਾਮਲੇ ਵਿਚ ਛੇਤੀ ਪੈਸੇ ਵਾਪਸ ਕਰਨ ਦਾ ਭਰੋਸਾ ਦਿੱਤਾ ਗਿਆ। ਇਸ ਉਪਰੰਤ ਲੋਕਾਂ ਦੀ ਪ੍ਰਵਾਨਗੀ ਨਾਲ ਧਰਨਾ ਸਮਾਪਤ ਕੀਤਾ ਗਿਆ। ਇਸ ਮੌਕੇ ਕੁਲਵਿੰਦਰ ਸਿੰਘ ਬਸਰਾਵਾਂ, ਅਮਰਜੀਤ ਸਿੰਘ ਬਸਰਾਵਾਂ, ਰਣਜੀਤ ਸਿੰਘ ਖਜਾਨੇ ਕੋਟ, ਦਿਲਬਾਗ ਸਿੰਘ ਕੋਟਲਾ ਬਾਮਾ, ਸਤਨਾਮ ਸਿੰਘ ਨੰਗਲ ਝੌਰ, ਦਵਿੰਦਰ ਸਿੰਘ ਢੱਪਈ, ਆਸਾ ਸਿੰਘ ਵਿਠਵਾਂ, ਕਸ਼ਮੀਰ ਸਿੰਘ ਮਠੋਲਾ, ਬਖਸ਼ੀਸ਼ ਸਿੰਘ ਭਰਥ, ਗੁਰਨਾਮ ਸਿੰਘ ਪੱਬਾਂਰਾਲੀ, ਸ਼ਮਸ਼ੇਰ ਸਿੰਘ ਵਹੀਲਾ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਵਲੋਂ ਗੁਰਦੇਵ ਸਿੰਘ ਮਸਾਣੀਆਂ, ਸ਼ੇਰਾ ਮਸੀਹ ਮਸਾਣੀਆਂ ਆਦਿ ਅਨੇਕਾਂ ਸਾਥੀ ਹਾਜ਼ਰ ਸਨ।

ਸਰਪੰਚ ਪ੍ਰਦੀਪ ਸਿੰਘ ਹਲਕਾ ਤਰਨ ਤਾਰਨ ਤੋਂ ਯੂਥ ਕਾਂਗਰਸ ਦੇ ਵਾਈਸ ਪ੍ਰਧਾਨ ਬਣੇ

ਤਰਨ ਤਾਰਨ (ਸਾਗਰ ਅਰੋੜਾ)-ਯੂਥ ਕਾਂਗਰਸ 2023 ਦੀਆਂ ਚੋਣਾਂ ਵਿੱਚ ਪ੍ਰਦੀਪ ਸਿੰਘ ਯੂਥ ਕਾਂਗਰਸ ਹਲਕਾ ਤਰਨ ਤਾਰਨ ਦੇ ਉਪ ਪ੍ਰਧਾਨ ਚੁਣੇ ਗਏ ਹਨ। ਜਿਸ ਕਾਰਨ ਇਲਾਕੇ ਦੇ ਲੋਕਾਂ ਵਿੱਚ ਵੱਡੀ ਖੁਸ਼ੀ ਦੀ ਲਹਿਰ ਵੇਖਣ ਨੂੰ ਮਿਲ ਰਹੀ ਹੈ। ਪ੍ਰਦੀਪ ਸਿੰਘ ਹਲਕਾ ਤਰਨ ਤਾਰਨ ਦੇ ਪਿੰਡ ਕੋਟ ਦਸੰਧੀ ਮੱਲ ਦੇ ਸਰਪੰਚ ਵੀ ਹਨ।

ਕਾਂਗਰਸ ਦੀ ਸਮੁੱਚੀ ਹਾਈਕਮਾਂਡ ਅਤੇ ਕਾਂਗਰਸ ਦੇ ਵਰਕਰਾਂ ਦਾ ਧੰਨਵਾਦ ਕਰਦਿਆਂ ਪ੍ਰਦੀਪ ਸਿੰਘ ਨੇ ਕਿਹਾ ਕਿ ਜਿਹੜੀ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਹੈ ਉਸ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਉਹ ਕਾਂਗਰਸ ਦੀ ਮਜ਼ਬੂਤੀ ਲਈ ਦਿਨ ਰਾਤ ਕਰਨਗੇ ਅਤੇ ਆਉਣ ਵਾਲੀਆਂ ਬਲਾਕ ਸੰਮਤੀ, ਪੰਚਾਇਤੀ ਅਤੇ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਰਿਕਾਰਡ ਤੋੜ ਜਿੱਤ ਦਰਜ ਕਰੇਗੀ।

210 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ, ਕੇਸ ਦਰਜ

ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਥਾਣਾ ਝਬਾਲ ਦੀ ਪੁਲਸ ਨੇ 210 ਨਸ਼ੀਲੀਆ ਗੋਲੀਆਂ ਬਰਾਮਦ ਕਰ ਕੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ ਜਿਸਦੇ ਖਿਲਾਫ ਐਨਡੀਪੀਐੱਸ ਐਕਟ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਪੁਲਸ ਨੇ ਅਗਲੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਂਚ ਅਧਿਕਾਰੀ ਏਐਸਆਈ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਪਿੰਡ ਬਘਿਆੜੀ ਦੇ ਪੁਲ ਸੂਏ ਕੋਲ ਮੌਜੂਦ ਸਨ। ਇਸੇ ਦੌਰਾਨ ਬਿੱਲਾ ਸਿੰਘ ਨਿਵਾਸੀ ਬਘਿਆੜੀ ਨਾਮਕ ਵਿਅਕਤੀ ਨੂੰ ਉਸਦੇ ਕੋਲੋਂ 210 ਨਸ਼ੀਲੀਆਂ ਗੋਲੀਆਂ ਬਰਾਮਦ ਕਰ ਕੇ ਉਸਨੂੰ ਗ੍ਰਿਫ਼ਤਾਰ ਕੀਤਾ।

ਹਰੀਕੇ ਹੈੱਡ 'ਤੇ ਪਾਣੀ ਦੀ ਆਮਦ 60 ਫੀਸਦੀ ਘਟੀ, ਲੋਕਾਂ ਨੇ ਲਿਆ ਸੁੱਖ ਦਾ ਸਾਹ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਸਤਲੁਜ ਬਿਆਸ ਦਰਿਆਵਾਂ ਦੇ ਸੰਗਮ ਹਰੀਕੇ ਹੈੱਡ ਵਰਕਸ ਤੋਂ ਡਾਊਨ ਸਟਰੀਮ 2 ਲੱਖ ਤੋਂ ਵੱਧ ਚੱਲਣ ਵਾਲਾ ਪਾਣੀ 60 ਫੀਸਦੀ ਘਟ ਕੇ 88 ਹਜ਼ਾਰ ਕਿਊਸਿਕ ਰਹਿ ਗਿਆ। ਬੀਤੇ ਤਿੰਨ ਦਿਨ ਤੋਂ ਆਪਣੇ ਉਫਾਨ ਤੇ ਰਹੇ ਦਰਿਆਵਾਂ ਨੇ ਡਾਊਨ ਸਟਰੀਮ ਦੇ ਦਰਜਨਾਂ ਪਿੰਡਾਂ ਨੂੰ ਕਲਾਵੇ 'ਚ ਲਿਆ। ਬੰਨ੍ਹ ਅੰਦਰ ਵਸਦੇ ਕਿਸਾਨਾਂ ਦੀਆਂ ਫਸਲਾਂ ਦੇ ਨਾਲ-ਨਾਲ ਪਸ਼ੂਧਨ ਅਤੇ ਪਰਿਵਾਰਕ ਮੈਂਬਰਾਂ ਦੀ ਤ੍ਰਾਸਦੀ ਵੇਖੀ ਨਹੀਂ ਜਾਂਦੀ। ਪਹਿਲਾਂ ਹੀ ਆਰਥਿਕ ਮੰਦਹਾਲੀ ਦੇ ਝੰਬੇ ਕਿਸਾਨਾਂ ਦੇ ਖੇਤਾਂ 'ਚ 2 ਤੋਂ 3 ਫੁੱਟ ਪਾਣੀ ਲਹਿ ਗਿਆ ਪਰ ਤਿੰਨ ਦਿਨਾਂ ਹੜ੍ਹ ਦੇ ਕੀਤੇ ਨੁਕਸਾਨ ਦੀ ਭਰਪਾਈ ਲਈ ਸਰਕਾਰੀ ਮਦਦ ਦੀ ਵੱਡੀ ਲੋੜ ਹੈ। ਲੋਕਾਂ ਦੀ ਸਾਰ ਲੈਣ ਲਈ ਜਿਥੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਸਰਕਾਰੀ ਅਮਲੇ ਸਮੇਤ ਮੌਜੂਦ ਰਹੇ ਅਤੇ ਦਿਨ ਰਾਤ ਹੜ੍ਹ ਪੀੜਤਾਂ ਦੀ ਮਦਦ ਲਈ ਤਤਪਰ ਰਹੇ ਸਗੋਂ ਹੜ੍ਹ ਪੀੜਤਾਂ ਦੇ ਪਸ਼ੂਆਂ ਲਈ ਆਪਣੇ ਪੱਲਿਓਂ ਚੋਕਰ ਸਮੇਤ ਤੂੜੀ ਤੰਦ ਦਾ ਪ੍ਰਬੰਧ ਕੀਤਾ ਅਤੇ ਮੋਟਰ ਬੋਟ ਸਮੇਤ ਪ੍ਰਸ਼ਾਸਨ ਨੂੰ ਨਾਲ ਲੈ ਕੇ ਪਾਣੀ 'ਚ ਘਿਰੇ ਲੋਕਾਂ ਨੂੰ ਬਾਹਰ ਕੱਢਿਆ ਗਿਆ। ਉਥੇ ਹੀ ਸਾਬਕਾ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਅਤੇ ਉਨ੍ਹਾਂ ਦੇ ਫਰਜੰਦ ਦਿਲਸ਼ੇਰ ਪ੍ਰਤਾਪ ਸਿੰਘ ਕੈਰੋਂ ਨੇ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ ਤੇ ਤੁਰੰਤ ਹੱਲ ਲਈ ਪ੍ਰਸ਼ਾਸਨ ਨੂੰ ਅਪੀਲ ਕੀਤੀ। ਇਸ ਤੋਂ ਇਲਾਵਾ ਸੰਸਦ ਮੈਂਬਰ ਜਸਬੀਰ ਸਿੰਘ ਡਿੰਪਾ, ਸਾਬਕਾ ਵਿਧਾਇਕ ਹਰਮਿੰਦਰ ਸਿੰਘ ਗਿੱਲ ਪਾਣੀ ਦੀ ਭੇਟ ਚੜ੍ਹੇ ਲੋਕਾਂ ਦੀ ਬਰਬਾਦੀ ਦੇ ਗਵਾਹ ਬਣੇ। ਪਾਣੀ ਦੀ ਆਮਦ ਵਿਚ ਵੱਡੀ ਕਮੀ ਦੇ ਬਾਵਜੂਦ ਲੋਕ ਸਹਿਮ ਦੇ ਆਲਮ ਵਿਚ ਹਨ। ਅੱਜ ਵੀ ਪਸ਼ੂ ਪਾਲਕਾਂ ਨੂੰ ਮਾਲੀ ਸਹਾਇਤਾ ਦੀ ਵੱਡੀ ਲੋੜ ਹੈ। ਇਲਾਕੇ 'ਚ ਮਹਾਮਾਰੀ ਫੈਲਣ ਦਾ ਖਦਸ਼ਾ ਪਾਣੀ ਦੀ ਆਮਦ ਘਟਣ ਤੋਂ ਬਾਅਦ ਬੇਸ਼ੱਕ ਲੋਕਾਂ ਨੇ ਸੁਖ ਦਾ ਸਾਹ ਲਿਆ ਪਰ ਹੁਣ ਕਿਸਾਨਾਂ ਨੂੰ ਇਲਾਕੇ ਭਰ ਮਹਾਮਾਰੀ ਫੈਲਣ ਦਾ ਡਰ ਸਤਾਉਣ ਲੱਗਾ। ਕਿਸਾਨ ਆਗੂ ਸੁਖਵਿੰਦਰ ਸਿੰਘ ਸਭਰਾਂ ਨੇ ਦੱਸਿਆ ਕਿ ਬਿਆਸ ਸਤਲੁਜ ਦਰਿਆਵਾਂ ਦੇ ਗੰਦੇ ਪਾਣੀ ਦੀ ਭੇਟ ਚੜ੍ਹ ਕੇ ਮੌਤ ਦੇ ਮੂੰਹ ਪਏ ਜੀਵ ਜੰਤੂਆਂ, ਮੱਛੀ, ਪਸ਼ੂਆਂ ਅਤੇ ਮਨੁੱਖੀ ਲਾਸ਼ਾਂ ਤੋਂ ਮਹਾਮਾਰੀ ਫੈਲਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਪਸ਼ੂ ਚਾਰੇ ਫੀਡ ਅਤੇ ਸਾਇਲੇਜ ਦੀ ਸਭ ਤੋਂ ਵੱਡੀ ਜ਼ਰੂਰਤ ਹੈ।

ਵਿਧਾਇਕ ਸ਼ੈਰੀ ਕਲਸੀ ਨੇ ਹਲਕਾ ਵਾਸੀਆਂ ਦੀਆਂ ਸੁਣੀਆਂ ਮੁਸ਼ਕਲਾਂ

ਬਟਾਲਾ, 13 ਜੁਲਾਈ (ਤਰਲੋਕ ਬੱਗਾ)-ਵਿਧਾਨ ਸਭਾ ਹਲਕੇ ਬਟਾਲਾ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ ਤੇ ਸਰਕਾਰ ਦੀਆਂ ਲੋਕ ਭਲਾਈ ਨੀਤੀਆਂ ਦਾ ਲਾਭ ਲੋਕਾਂ ਤੱਕ ਪੁਜਦਾ ਕਰਨ ਨੂੰ ਯਕੀਨੀ ਬਣਾਉਣਾ ਮੇਰੀ ਪਹਿਲੀ ਤਰਜੀਹ ਹੈ। ਇਹ ਪ੍ਰਗਟਾਵਾ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਲੋਕ ਮਿਲਣੀ ਪ੍ਰੋਗਰਾਮ ਤਹਿਤ ਹਲਕਾ ਵਾਸੀਆਂ ਦੀਆਂ ਮੁਸ਼ਕਲਾਂ ਸੁਣਨ ਉਪਰੰਤ ਕੀਤਾ। ਉਨਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਸਖ਼ਤ ਹਦਾਇਤ ਕਰਦਿਆਂ ਕਿਹਾ ਕਿ ਲੋਕ ਭਲਾਈ ਸਕੀਮਾਂ ਨੂੰ ਹੇਠਲੇ ਪੱਧਰ ਤੱਕ ਪੁਜਦਾ ਕਰਨ ਵਿੱਚ ਕੋਈ ਢਿੱਲਮੱਠ ਨਾ ਵਰਤੀ ਜਾਵੇ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਉਹ ਹਲਕਾ ਵਾਸੀਆਂ ਦੀਆਂ ਦਰਪੇਸ਼ ਮੁਸ਼ਕਿਲਾਂ ਸੁਣ ਕੇ ਹੱਲ ਕਰਵਾਉਣ ਦੇ ਨਾਲ ਹਲਕੇ ਅੰਦਰ ਮੁਢਲੇ ਵਿਕਾਸ ਕੰਮ ਤੇਜ਼ ਗਤੀ ਨਾਲ ਕਰਵਾਏ ਜਾ ਰਹੇ ਹਨ ਤੇ ਹਲਕੇ ਨੂੰ ਵਿਕਾਸ ਪੱਖੋਂ ਨਮੂਨੇ ਦਾ ਹਲਕਾ ਬਣਾਇਆ ਜਾਵੇਗਾ। ਜ਼ਿਕਰਯੋਗ ਹੈ ਕਿ ਵਿਧਾਇਕ ਸ਼ੈਰੀ ਕਲਸੀ ਵੱਲੋਂ ਨਾ ਕੇਵਲ ਇਤਿਹਾਸਕ ਤੇ ਧਾਰਮਕ ਸ਼ਹਿਰ ਬਟਾਲਾ ਅੰਦਰ ਵਿਕਾਸ ਕੰਮ ਕਰਵਾਏ ਜਾ ਰਹੇ ਹਨ ਬਲਕਿ ਅਜਿਹੇ ਵਿਕਾਸ ਕਾਰਜ ਵੀ ਮੁਕੰਮਲ ਹੋ ਚੁੱਕੇ ਹਨ, ਜਿਨ੍ਹਾਂ ਦੀ ਬਟਾਲਾ ਵਾਸੀ ਪਿਛਲੇ ਕਈ ਸਾਲਾਂ ਤੋਂ ਉਡੀਕ ਕਰ ਰਹੇ ਸਨ। ਪਿੰਡਾਂ ਅੰਦਰ ਗੰਦੇ ਪਾਣੀ ਦੀ ਨਿਕਾਸੀ ਲਈ ਸੀਵਰੇਜ ਪਾਏ ਜਾ ਰਹੇ ਹਨ, ਖੇਡ ਸਟੇਡੀਅਮ ਉਸਾਰੇ ਜਾ ਰਹੇ ਹਨ, ਪਿੰਡਾਂ ਅੰਦਰ ਖੂਬਸੂਰਤ ਪਾਰਕ ਤੇ ਸਟਰੀਟ ਲਾਈਟਸ ਲਗਾਉਣ ਤੋਂ ਇਲਾਵਾ ਲੋਕਾਂ ਨੂੰ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਲਾਭ ਪੁਜਦਾ ਕੀਤਾ ਗਿਆ ਹੈ।

ਸ੍ਰੀ ਖਡੂਰ ਸਾਹਿਬ ਤੋਂ ਯੂਥ ਕਾਂਗਰਸ ਦੇ ਵਾਈਸ ਪ੍ਰਧਾਨ ਬਣੇ ਅਜਮੇਰ ਸਿੰਘ ਘੜਕਾ

ਤਰਨ ਤਾਰਨ(ਸਾਗਰ ਅਰੋੜਾ)-ਪਿਛਲੇ ਮਹੀਨੇ ਹੋਈ ਪੰਜਾਬ ਯੂਥ ਕਾਂਗਰਸ ਦੀ ਚੋਣ 'ਚ ਹਲਕਾ ਖਡੂਰ ਸਾਹਿਬ ਤੋਂ ਅਜਮੇਰ ਸਿੰਘ ਘੜਕਾ ਜਿੱਤ ਦਰਜ ਕਰਕੇ ਯੂਥ ਕਾਂਗਰਸ ਦੇ ਵਾਇਸ ਪ੍ਰਧਾਨ ਬਣੇ। ਅਜਮੇਰ ਸਿੰਘ ਘੜਕਾ ਨੇ ਦੱਸਿਆ ਕਿ ਸਾਬਕਾ ਵਿਧਾਇਕ ਰਮਨਜੀਤ ਸਿੰਘ ਦੀ ਯੋਗ ਅਗਵਾਈ ਹੇਠ ਯੂਥ ਦੀਆਂ ਚੋਣਾਂ ਵਿੱਚ ਹਿੱਸਾ ਲਿਆ ਸੀ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਲਈ ਦਿਨ ਰਾਤ ਮਿਹਨਤ ਕਰਾਂਗੇ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਸਾਬਕਾ ਵਿਧਾਇਕ ਰਮਨਦੀਪ ਸਿੰਘ ਸਿੱਕੀ, ਚੇਅਰਮੈਨ ਰਵਿੰਦਰ ਸਿੰਘ ਸੈਂਟੀ ਵੱਲੋਂ ਗੁਰੂ ਦੀ ਬਖਸ਼ਿਸ਼ ਸਿਰਪਾਉ ਸਾਹਿਬ ਪਾ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦੇ ਵੱਡੇ ਭਰਾ ਮਨਦੀਪ ਸਿੰਘ ਪਿੰਡ ਘੜਕਾ ਤੋਂ ਸਰਪੰਚੀ ਦੀ ਸੇਵਾ ਨਿਭਾ ਰਹੇ ਹਨ। ਇਸ ਪਰਵਾਰ ਨੇ ਪਿਛਲੇ ਸਮੇਂ ਤੋਂ ਹੀ ਕਾਗਰਸ ਪਾਰਟੀ ਲਈ ਬਹੁਤ ਮਿਹਨਤ ਕੀਤੀ ਹੈ। ਇਸ ਮੌਕੇ ਅਜਮੇਰ ਸਿੰਘ ਘੜਕਾ ਨੇ ਹਲਕੇ ਦੇ ਸਰਪੰਚ ਜਗਤਾਰ ਸਿੰਘ ਉੱਪਲ, ਸਰਪੰਚ ਮਹਿੰਦਰ ਸਿੰਘ, ਸੁਖਵੰਤ ਸਿੰਘ, ਲਾਲੀ ਰੱਤੋਕੇ, ਸਰਪੰਚ ਬਲਦੇਵ ਸਿੰਘ ਮੁੰਡਾ ਪਿੰਡ, ਪਿੰਡ ਘੜਕਾ ਦੀ ਪੰਚਾਇਤ ਅਤੇ ਨਗਰ ਨਿਵਾਸੀਆਂ, ਖਡੂਰ ਸਾਹਿਬ ਹਲਕੇ ਦੇ ਵੋਟਰਾਂ ਸਪੋਰਟਰਾਂ ਦਾ ਧੰਨਵਾਦ ਕੀਤਾ। ਇਸ ਜਿੱਤ ਨਾਲ ਸਮੁੱਚੇ ਕਾਂਗਰਸ ਦੇ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।

ਡਿਪਟੀ ਕਮਿਸ਼ਨਰ ਵੱਲੋਂ ਜੂਡੋ ਖਿਡਾਰੀ ਜਸਲੀਨ ਸਿੰਘ ਸੈਣੀ ਨੂੰ ਗੋਲਡ ਮੈਡਲ ਹਾਸਲ ਕਰਨ 'ਤੇ ਵਧਾਈ

ਗੁਰਦਾਸਪੁਰ, (ਜਨਕ ਮਹਾਜਨ)-ਗੁਰਦਾਸਪੁਰ ਸ਼ਹਿਰ ਦੇ ਵਸਨੀਕ ਅਤੇ ਇੰਟਰਨੈਸ਼ਨਲ ਜੂਡੋ ਖਿਡਾਰੀ ਜਸਲੀਨ ਸਿੰਘ ਸੈਣੀ ਨੂੰ ਏਸ਼ੀਅਨ ਜੂਡੋ ਓਪਨ ਚੈਂਪੀਅਨਸ਼ਿਪ ਵਿੱਚ ਗੋਲਡ ਮੈਡਲ ਹਾਸਲ ਕਰਨ 'ਤੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਵਧਾਈ ਦਿੱਤੀ ਹੈ। ਆਪਣੇ ਦਫ਼ਤਰ ਵਿੱਚ ਜੂਡੋ ਖਿਡਾਰੀ ਜਸਲੀਨ ਸਿੰਘ ਸੈਣੀ ਨਾਲ ਮੁਲਾਕਾਤ ਕਰਨ ਮੌਕੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਪੂਰੇ ਜ਼ਿਲ੍ਹੇ ਅਤੇ ਸੂਬੇ ਨੂੰ ਉਸ ਉੱਪਰ ਮਾਣ ਹੈ। ਉਨ੍ਹਾਂ ਕਿਹਾ ਕਿ ਜਸਲੀਨ ਸਿੰਘ ਸੈਣੀ ਨੇ ਬਹੁਤ ਵਧੀਆ ਖੇਡ ਦਾ ਮੁਜ਼ਾਹਰਾ ਕਰਦੇ ਹੋਏ ਏਸ਼ੀਅਨ ਜੂਡੋ ਓਪਨ ਚੈਂਪੀਅਨਸ਼ਿਪ ਵਿੱਚ ਗੋਲਡ ਮੈਡਲ ਹਾਸਲ ਕੀਤਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਉਸ ਕੋਲੋਂ ਹੋਰ ਵੀ ਵਿਸ਼ਵ ਪੱਧਰੀ ਮੁਕਾਬਲਿਆਂ ਵਿੱਚ ਏਵੇਂ ਦੇ ਪ੍ਰਦਰਸ਼ਨ ਦੀ ਹੀ ਆਸ ਹੈ ਅਤੇ ਉਹ ਹੋਰ ਵੀ ਵਿਸ਼ਵ ਪੱਧਰੀ ਮੁਕਾਬਲਿਆਂ ਵਿੱਚ ਭਾਰਤ ਲਈ ਗੋਲਡ ਮੈਡਲ ਜਿੱਤੇਗਾ। ਉਨ੍ਹਾਂ ਕਿਹਾ ਕਿ ਜਸਲੀਨ ਸਿੰਘ ਸੈਣੀ ਤੋਂ ਪ੍ਰੇਰਨਾ ਲੈ ਕੇ ਹੋਰ ਨੌਜਵਾਨ ਵੀ ਖੇਡਾਂ ਦੇ ਖੇਤਰ ਵਿੱਚ ਅੱਗੇ ਆ ਕੇ ਆਪਣੇ ਸੂਬੇ ਤੇ ਦੇਸ਼ ਦਾ ਨਾਂਅ ਰੌਸ਼ਨ ਕਰਨਗੇ। ਇਸ ਮੌਕੇ ਜ਼ਿਲ੍ਹਾ ਖੇਡ ਅਫ਼ਸਰ ਗੁਰਦਾਸਪੁਰ ਸਿਮਰਨਜੀਤ ਸਿੰਘ ਰੰਧਾਵਾ, ਡਾ. ਸਤਨਾਮ ਸਿੰਘ ਨਿੱਝਰ ਸਾਬਕਾ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ, ਅਮਰਜੀਤ ਸਿੰਘ ਸ਼ਾਸਤਰੀ, ਸਤਪਾਲ ਸਿੰਘ ਦਫ਼ਤਰ ਜ਼ਿਲ੍ਹਾ ਖੇਡ ਅਫ਼ਸਰ ਵੀ ਮੌਜੂਦ ਸਨ।

ਮਹਿਲਾ ਕਾਰਕੁਨਾਂ 'ਤੇ ਕੇਸ ਦਰਜ ਕਰਨਾ ਲੋਕਤੰਤਰ ਦਾ ਕਤਲ: ਰਜਿੰਦਰਪਾਲ,ਕੰਵਲਜੀਤ ਝਬਾਲ

ਝਬਾਲ (ਹਰਜਿੰਦਰ ਸਿੰਘ ਸੋਨੀ/ ਰੌਬਿਨ ਸਿੰਘ ਸੋਨੀ)-ਪੰਜਾਬ ਇਸਤਰੀ ਸਭਾ ਤਰਨ ਤਾਰਨ ਬਲਾਕ ਝਬਾਲ ਦੀ ਮੀਟਿੰਗ ਬਲਾਕ ਪ੍ਰਧਾਨ ਸਲਵਿੰਦਰ ਕੌਰ ਦੀ ਪ੍ਰਧਾਨਗੀ ਹੇਠ ਹੋਈ। ਕਾਰਵਾਈ ਬਲਾਕ ਸਕੱਤਰ ਕੰਵਲਜੀਤ ਕੌਰ

15-July-PAGE-4.qxd 7/14/2023 10:06 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 15 ਜੁਲਾਈ 2023

ਪੁਲਸ ਦੀ ਫੋਟੋਬਾਜ਼ੀ

ਪੁਲਸ ਵੱਲੋਂ ਮਸ਼ਕੂਕ ਵਿਅਕਤੀਆਂ ਦੀ ਮੀਡੀਆ ਅੱਗੇ ਪਰੇਡ ਕਰਾਉਣ 'ਤੇ ਸੁਪਰੀਮ ਕੋਰਟ ਨੇ ਸਖਤ ਨਰਾਜ਼ਗੀ ਜਤਾਉਂਦਿਆਂ ਕੇਂਦਰ ਸਰਕਾਰ ਤੋਂ ਗ੍ਰਿਫਤਾਰੀ ਨਾਲ ਸੰਬੰਧਤ ਦਿਸ਼ਾ-ਨਿਰਦੇਸ਼ ਤੈਅ ਕੀਤੇ ਜਾਣ ਬਾਰੇ ਇਕ ਮਹੀਨੇ 'ਚ ਜਵਾਬ ਮੰਗਿਆ ਹੈ। ਯੂ ਪੀ ਦੇ ਪ੍ਰਵੀਨ ਕੁਮਾਰ ਨੂੰ 2021 ਵਿਚ ਪੁਲਸ ਦੇ ਦਹਿਸ਼ਤਗਰਦੀ ਵਿਰੋਧੀ ਦਸਤੇ ਨੇ ਝੂਠੀ ਸ਼ਿਕਾਇਤ 'ਤੇ ਗ੍ਰਿਫਤਾਰ ਕੀਤਾ ਸੀ। ਉਸ ਦਾ ਮੀਡੀਆ 'ਚ ਦਹਿਸ਼ਤਗਰਦ ਵਜੋਂ ਪ੍ਰਚਾਰ ਕਰ ਦਿੱਤਾ ਗਿਆ। ਜਦੋਂ ਪੁਲਸ ਨੂੰ ਉਸ ਦੀ ਬੇਗੁਨਾਹੀ ਦਾ ਯਕੀਨ ਹੋ ਗਿਆ ਤਾਂ ਰਿਹਾਅ ਕਰ ਦਿੱਤਾ। ਪ੍ਰਵੀਨ ਕੁਮਾਰ ਨੇ ਆਪਣੀ ਬਦਨਾਮੀ ਖਿਲਾਫ ਜਿਹੜੀ ਪਟੀਸ਼ਨ ਕੀਤੀ ਹੈ, ਉਸ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਦੇ ਜਸਟਿਸ ਸੂਰੀਆਕਾਂਤ ਤੇ ਜਸਟਿਸ ਦੀਪਾਂਕਰ ਦੱਤਾ ਦੀ ਬੈਂਚ ਨੇ ਕਿਹਾ ਕਿ ਕੇਂਦਰ ਨੂੰ ਇਸ ਮੁੱਦੇ 'ਤੇ ਜ਼ਰੂਰ ਸੋਚਣਾ ਚਾਹੀਦਾ ਹੈ ਕਿ ਲੋਕਾਂ ਨੂੰ ਕਿਵੇਂ ਤਸੀਹੇ ਦਿੱਤੇ ਜਾ ਰਹੇ ਹਨ। ਜਦ ਤੱਕ ਉਹ ਅਦਾਲਤਾਂ ਵਿਚ ਬੇਗੁਨਾਹ ਸਾਬਤ ਹੁੰਦੇ ਹਨ, ਉਦੋਂ ਤੱਕ ਕਾਫੀ ਦੇਰ ਹੋ ਚੁੱਕੀ ਹੁੰਦੀ ਹੈ। ਇਸ ਨਾਲ ਉਨ੍ਹਾਂ ਦਾ ਪਰਵਾਰ ਦੁਖੀ ਹੁੰਦਾ ਹੈ ਤੇ ਉਨ੍ਹਾਂ ਦੇ ਆਪਣੇ ਮਾਣ-ਸਨਮਾਨ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪੈਂਦਾ ਹੈ।

ਸੁਪਰੀਮ ਕੋਰਟ ਨੇ ਕੇਂਦਰ ਤੇ ਰਾਜਾਂ ਨੂੰ ਅਗਸਤ 2022 ਵਿਚ ਉਸ ਪਟੀਸ਼ਨ 'ਤੇ ਨੋਟਿਸ ਜਾਰੀ ਕੀਤਾ ਸੀ, ਜਿਸ ਵਿਚ ਪੁਲਸ ਨੂੰ ਅਪਰਾਧਕ ਮਾਮਲਿਆਂ ਦੇ ਸ਼ੁਰੂਆਤੀ ਪੜਾਅ 'ਚ ਮਸ਼ਕੂਕ ਲੋਕਾਂ ਦੇ ਨਾਂਅ ਤੇ ਵੇਰਵੇ ਦਾ ਖੁਲਾਸਾ ਕਰਨ ਜਾਂ ਉਸ ਦੇ ਕਥਿਤ ਅਪਰਾਧ ਬਾਰੇ ਬਿਆਨ ਦੇਣ ਤੋਂ ਰੋਕਣ ਲਈ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਸੀ। ਪ੍ਰਵੀਨ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਕੇਂਦਰ ਸਰਕਾਰ ਨੇ ਅਜੇ ਤੱਕ ਇਸ ਨੋਟਿਸ ਦਾ ਜਵਾਬ ਦਾਖਲ ਨਹੀਂ ਕੀਤਾ। ਬੈਂਚ ਨੇ ਇਸ ਨੂੰ ਬਹੁਤ ਹੀ ਗੰਭੀਰ ਮੁੱਦਾ ਦੱਸਦਿਆਂ ਹੈਰਾਨੀ ਜਤਾਈ ਕਿ ਪੁਲਸ ਅਧਿਕਾਰੀ ਅਕਸਰ ਪੇਸ਼ੇਵਰ ਅਪਰਾਧੀਆਂ ਤੇ ਗੈਂਗਸਟਰਾਂ ਨੂੰ ਉਨ੍ਹਾਂ ਦੀ ਗ੍ਰਿਫਤਾਰੀ 'ਤੇ ਮੀਡੀਆ ਅੱਗੇ ਕਿਉਂ ਪੇਸ਼ ਕਰਦੇ ਹਨ। ਕੇਂਦਰ ਨੂੰ ਜਵਾਬ ਦੇਣਾ ਚਾਹੀਦਾ ਹੈ ਕਿ ਉਸ ਨੇ ਕੋਈ ਦਿਸ਼ਾ-ਨਿਰਦੇਸ਼ ਬਣਾਏ ਹਨ ਤੇ ਜੇ ਬਣਾਏ ਹਨ ਤਾਂ ਕੀ ਉਹ ਮੁਕੰਮਲ ਹਨ ਤੇ ਕੀ ਉਨ੍ਹਾਂ ਦੀ ਪਾਲਣਾ ਕੀਤੀ ਜਾ ਰਹੀ ਹੈ।

ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਕਿਸੇ ਵਿਅਕਤੀ ਦੀ ਗ੍ਰਿਫਤਾਰੀ ਹੀ ਸਮਾਜ ਵਿਚ ਉਸ ਦੇ ਵਕਾਰ ਨੂੰ ਤਬਾਹ ਕਰ ਦਿੰਦੀ ਹੈ। ਇਸ ਲਈ ਪੁਲਸ ਲਈ ਇਹ ਲਾਜ਼ਮੀ ਕੀਤਾ ਜਾਵੇ ਕਿ ਜਦੋਂ ਉਹ ਸ਼ੱਕ ਦੇ ਅਧਾਰ 'ਤੇ ਫੜੇ ਵਿਅਕਤੀ ਨੂੰ ਆਖਰ ਰਿਹਾਅ ਕਰਦੀ ਹੈ ਤਾਂ ਜਨਤਕ ਮੁਆਫੀ ਮੰਗ ਕੇ ਆਪਣੀ ਗਲਤੀ ਮੰਨੇ।

ਸੁਪਰੀਮ ਕੋਰਟ ਨੇ ਇਸ ਤੋਂ ਪਹਿਲਾਂ ਮਾਰਚ 2017 ਵਿਚ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ ਦੀ ਪਟੀਸ਼ਨ 'ਤੇ ਕੇਂਦਰ ਸਰਕਾਰ ਨੂੰ 'ਮੀਡੀਆ' ਬ੍ਰੀਫਿੰਗ' ਉੱਤੇ ਪੁਲਸ ਲਈ ਦਿਸ਼ਾ-ਨਿਰਦੇਸ਼ ਨੂੰ ਅੰਤਮ ਰੂਪ ਦੇਣ ਦਾ ਨਿਰਦੇਸ਼ ਦਿੱਤਾ ਸੀ ਪਰ ਕੇਂਦਰ ਸਰਕਾਰ ਨੇ ਇਸ ਦਾ ਅਜੇ ਤੱਕ ਜਵਾਬ ਨਹੀਂ ਦਿੱਤਾ। ਸਮੇਂ-ਸਮੇਂ 'ਤੇ ਜੱਜ ਟਿੱਪਣੀਆਂ ਕਰਦੇ ਰਹੇ ਹਨ ਕਿ ਪੁਲਸ ਅਧਿਕਾਰੀ ਮਸ਼ਕੂਕ ਨੂੰ ਭੁੰਜੇ ਬਿਠਾ ਕੇ ਫੋਟੋਆਂ ਖਿਚਵਾ ਕੇ ਅਖਬਾਰਾਂ 'ਚ ਛਪਵਾਉਣ ਤੋਂ ਹਟਣ, ਪਰ ਪੁਲਸ ਅਧਿਕਾਰੀ ਆਪਣੀ ਇਸ ਆਦਤ ਤੋਂ ਬਾਜ਼ ਨਹੀਂ ਆ ਰਹੇ। ਆਸ ਕੀਤੀ ਜਾ ਸਕਦੀ ਹੈ ਕਿ ਸੁਪਰੀਮ ਕੋਰਟ ਹੁਣ ਇਸ ਦਾ ਪੱਕਾ ਇਲਾਜ ਕਰੇਗੀ ਤਾਂ ਕਿ ਬੇਗੁਨਾਹਾਂ ਨੂੰ ਬਦਨਾਮੀ ਨਾ ਝੱਲਣੀ ਪਵੇ।

ਕਮਿਊਨਿਸਟ ਹੋਣਾ ਫ਼ਖ਼ਰ ਹੀ ਤਾਂ ਹੈ-(4)

ਉਪਰੋਕਤ ਸਿਰਲੇਖ ਅਧੀਨ ਆਰਟੀਕਲਾਂ ਵਿੱਚੋਂ ਭਾਗ (1) ਵਿੱਚ ਕਮਿਊਨਿਸਟ ਅਤੇ ਕਮਿਊਨਿਜ਼ਮ ਦੇ ਨਾਵਾਂ ਦੀ ਉਤਪਤੀ ਅਤੇ ਇਸ ਵਿਚਾਰਧਾਰਾ ਨੂੰ ਸੰਸਾਰ ਦੇ ਸਾਰੇ ਧਰਮਾਂ ਦੇ ਅਧਿਆਤਮਵਾਦੀ ਪੱਖ ਤੋਂ ਹਟ ਕੇ ਉਨ੍ਹਾ ਦੇ ਮਾਨਵਵਾਦੀ ਵਿਚਾਰਾਂ/ਉਪਦੇਸ਼ਾਂ ਦੀ ਵਿਰਾਸਤ ਨੂੰ ਵਿਰੋਧ ਵਿਕਾਸੀ ਕੁਠਾਲੀ ਵਿੱਚੋਂ ਵਿਗਿਆਨਕ ਫਿਲਾਸਫ਼ੀ ਬਣਾ ਕੇ ਪੇਸ਼ ਕੀਤੇ ਜਾਣ ਦਾ ਹੀ ਜ਼ਿਕਰ ਸੀ। ਅਸੀਂ ਇਸ ਭਾਗ ਵਿੱਚ ਮਹਾਂਪੁਰਸ਼ਾਂ ਦੇ ਕਾਲਪਨਿਕ "ਬੇਗਮਪੁਰਾ" ਲਈ ਕਿਸੇ ਗੈਬੀ ਸ਼ਕਤੀ ਵੱਲੋਂ ਬਣਾ ਕੇ ਮਾਨਵਤਾ ਨੂੰ ਦੇਸ ਦੀ ਥਾਂ ਮਨੁੱਖੀ ਸਮਾਜ ਵੱਲੋਂ ਉਸਾਰੇ ਜਾ ਸਕਣ ਦਾ ਸੱਚ ਦੱਸਿਆ ਸੀ। ਇਹ ਪ੍ਰੋਜੈਕਟ ਏਂਜਲਜ਼ ਅਤੇ ਵਿਸ਼ੇਸ਼ ਤੌਰ 'ਤੇ ਕਾਰਲ ਮਾਰਕਸ ਦੀ ਅਣਥੱਕ ਮਿਹਨਤ ਅਤੇ ਵਿਲੱਖਣ ਬੁੱਧੀ ਦੀ ਉਪਜ ਸੀ। ਰੂਸ ਵਿੱਚ ਲੈਨਿਨ ਅਤੇ ਸਹਿਯੋਗੀਆਂ ਦੀ 1917 ਦੀ ਕ੍ਰਾਂਤੀ ਨਾਲ ਇਹ ਪ੍ਰੋਜੈਕਟ ਸਾਕਾਰ ਹੋਣਾ ਸ਼ੁਰੂ ਹੋਇਆ, ਜੋ ਸੰਸਾਰ ਭਰ ਦੇ ਕਿਰਤੀਆਂ ਲਈ ਪ੍ਰੇਰਨਾ-ਸ੍ਰੋਤ ਬਣਿਆ। ਭਾਗ (2) ਵਿੱਚ ਉਨ੍ਹਾਂ ਪ੍ਰਾਪਤੀਆਂ ਦਾ ਜ਼ਿਕਰ ਸੀ, ਜਿਹੜੀਆਂ ਕਮਿਊਨਿਸਟ ਸਰਕਾਰਾਂ ਨੇ ਆਪਣੇ-ਆਪਣੇ ਦੇਸ਼ਾਂ ਵਿੱਚ ਮਨੁੱਖੀ ਜੀਵਨ ਦੇ ਹਰ ਖੇਤਰ ਵਿੱਚ ਕਰ ਵਿਖਾਈਆਂ। ਭਾਗ (3) ਵਿੱਚ ਉਨ੍ਹਾ ਕਾਰਨਾਂ ਦਾ ਜ਼ਿਕਰ ਸੀ ਜਿਨ੍ਹਾਂ ਕਰਕੇ ਇਹ ਸੁਨਹਿਰੀ ਸਮਾਜ ਮੁੜ ਪੂੰਜੀਵਾਦ ਦੀ ਚਕਾਚੌਂਧ ਦਾ ਸ਼ਿਕਾਰ ਹੋ ਗਿਆ। ਹੁਣ ਅੰਤਮ ਭਾਗਾਂ ਵਿੱਚ ਉਨ੍ਹਾਂ ਸੰਭਾਵਨਾਵਾਂ ਦਾ ਜ਼ਿਕਰ ਕਰਾਂਗੇ, ਜਿਨ੍ਹਾ ਨੇ ਇਸ ਵਿਚਾਰਧਾਰਾ ਅਧੀਨ ਵੱਖ-ਵੱਖ ਦੇਸ਼ਾਂ ਦੇ ਸਮਾਜਾਂ ਨੂੰ ਮੁੜ ਬਰਾਬਰੀ, ਅਜ਼ਾਦੀ ਅਤੇ ਖੁਸ਼ਹਾਲੀ ਉੱਤੇ ਉਸਾਰਨਾ ਹੈ। ਇਸ ਅੰਤਮ ਲੜੀ ਵਿੱਚ ਉਨ੍ਹਾਂ ਹਾਲਤਾਂ ਦੀ ਨਿਸ਼ਾਨਦੇਹੀ ਕੀਤੀ ਜਾਵੇਗੀ, ਜਿਨ੍ਹਾਂ ਵਿੱਚ ਇਹ ਸੰਭਾਵਨਾਵਾਂ ਨੇ ਸਾਕਾਰ ਹੋਣਾ ਹੈ।

ਇਸ ਸੰਬੰਧ ਵਿੱਚ ਸਾਨੂੰ ਮੁੜ ਉਨ੍ਹਾਂ ਹਾਲਤਾਂ ਵੱਲ ਜਾਣਾ ਪਏਗਾ, ਜਿਨ੍ਹਾ ਵਿੱਚ ਇਹ ਕਮਿਊਨਿਜ਼ਮ ਵਿਚਾਰਧਾਰਾ ਪੈਦਾ ਹੋਈ। ਕਿਉਂਕਿ ਉਦਯੋਗਿਕ ਕ੍ਰਾਂਤੀ ਨੇ ਦਸਤਕਾਰਾਂ ਦੇ ਔਜ਼ਾਰ, ਪੈਦਾਵਾਰ ਦੇ ਸੰਦ, ਸਾਧਨ ਬੇਕਾਰ ਕਰ ਦਿੱਤੇ। ਕਾਰਖਾਨਿਆਂ ਦੀ ਵੱਡ-ਅਕਾਰੀ ਪੈਦਾਵਾਰ ਨੇ ਦਸਤਕਾਰ ਹੀ ਕਿਰਤ ਵੇਚਣ ਵਾਲੇ ਨਹੀਂ ਬਣਾਏ, ਉਸ ਨੇ ਸਮਾਜ ਦੀ ਪੁਰਾਣੀ ਬਣਤਰ ਤੋੜ ਕੇ ਉਸ ਵਿੱਚੋਂ ਅਬਾਦੀ ਦਾ ਵੱਡਾ ਹਿੱਸਾ ਆਤਮ-ਨਿਰਭਰ ਜੀਵਨ ਤੋਂ ਬਾਹਰ ਕੱਢ ਕਿਰਤ ਵੇਚ ਕੇ ਗੁਜ਼ਾਰਾ ਕਰਨ ਉੱਤੇ ਲਾ ਦਿੱਤਾ, ਕਿਉਂਕਿ ਪੂੰਜੀਪਤੀ ਦਾ ਮੁਨਾਫ਼ਾ ਕੱਚੇ ਮਾਲ ਦੀ ਸਸਤੀ ਖਰੀਦ ਅਤੇ ਕਾਰਖਾਨੇ ਵਿੱਚ ਕੰਮ ਕਰਦੇ ਕਿਰਤੀਆਂ ਦੀ ਕਿਰਤ ਦੀ ਸਸਤੀ ਖ਼ਰੀਦ ਉੱਤੇ ਨਿਰਭਰ ਸੀ, ਇਸ ਲਈ ਕਿਰਤੀਆਂ ਦੀਆਂ ਜੀਵਨ ਹਾਲਤਾਂ ਬਦ ਤੋਂ ਬਦਤਰ ਹੋ ਰਹੀਆਂ ਸਨ। ਇਹੋ ਨਹੀਂ ਕਿ ਕਿਰਤੀ ਨੂੰ ਆਪਣੀ ਕਿਰਤ ਦਾ ਪੂਰਾ ਮੁੱਲ ਨਹੀਂ ਸੀ ਮਿਲਦਾ, ਉਹਦੀ ਬਦਤਰ ਹਾਲਤ ਵਿੱਚ ਬਾਜ਼ਾਰ ਦੀ ਮਹਿੰਗਾਈ ਵੀ ਪੂਰਾ ਹਿੱਸਾ ਪਾਉਂਦੀ ਸੀ। ਕਿਸੇ ਵੱਲੋਂ ਤਹਿ ਕੀਤੇ ਮੁੱਲ ਉੱਤੇ ਨਹੀਂ ਵੇਚਦਾ ਸੀ। ਉਹ ਆਪਣੇ ਹੀ ਵੱਲੋਂ ਅਤੇ ਉਸ ਵਰਗੇ ਹੋਰ ਕਿਰਤੀਆਂ (ਕਿਸਾਨ ਆਦਿ) ਵੱਲੋਂ ਤਿਆਰ ਵਸਤਾਂ ਨੂੰ ਵੀ ਬਜ਼ਾਰ ਵੱਲੋਂ ਤਹਿ ਕੀਤੀ ਕੀਮਤ ਉੱਤੇ ਖਰੀਦਦਾ ਸੀ। ਇਸ ਤਰ੍ਹਾਂ ਆਪਣੀ ਕਿਰਤ ਦਾ ਮੁੱਲ ਹਾਸਲ ਕਰਦਿਆਂ ਅਤੇ ਬਜ਼ਾਰੀ ਵਸਤਾਂ ਲਈ ਭੁਗਤਾਣ ਦੋਨਾਂ ਪੜਾਵਾਂ ਉਤੇ ਉਹਨੂੰ ਮਾਰ ਪੈਂਦੀ ਸੀ। ਕਿਰਤੀ ਨੂੰ ਅੱਜ ਵੀ ਇਸ ਮਾਰ ਤੋਂ ਪੂੰਜੀਵਾਦ ਕੋਈ ਰਾਹਤ ਨਹੀਂ ਦੇ ਰਿਹਾ। ਅਸਲ ਵਿੱਚ ਪੂੰਜੀਵਾਦ ਰਾਹਤ ਦੇ ਹੀ ਨਹੀਂ ਸਕਦਾ। ਬਜ਼ਾਰ ਵੀ ਕੋਈ ਰਾਹਤ ਨਹੀਂ ਦੇਵੇਗਾ। ਜੇਕਰ ਹਾਲਤਾਂ ਰੂਸੀ ਕਰਾਂਤੀ ਸਮੇਂ ਦੀਆਂ ਹਨ ਤਾਂ ਉਸੇ ਤਰਜ਼ ਉੱਤੇ ਕਿਸੇ ਹੋਰ ਥਾਂ ਬਦਲਾਅ ਦੀ ਸੰਭਾਵਨਾ ਕਿਉਂ ਨਹੀਂ? ਕਿਉਂਕਿ ਜਿੱਥੇ ਵੀ ਪੂੰਜੀਪਤੀਆਂ ਦਾ ਰਾਜ਼ ਹੈ ਕਿਰਤੀ ਦਬਕਾ ਮੰਦੇ ਹਾਲ ਹੈ। ਇਸ ਲਈ ਸਮਾਜਵਾਦੀਆਂ/ਬਦਲਾਅ ਦੀਆਂ ਸ਼ਕਤੀਆਂ ਲਈ ਇਹ ਪਹਿਲੀ ਸੰਭਾਵਨਾ ਹੈ। ਕਿਰਤੀ ਨੂੰ ਕੋਈ ਵੀ ਰਾਹਤ ਪੂੰਜੀਪਤੀ ਜਾਂ ਬਜ਼ਾਰ ਨੇ ਆਪਣੇ-ਆਪ ਨਹੀਂ ਦੇਣੀ। ਇਹ ਕਾਰਜ ਸਰਕਾਰ ਨੇ ਕਰਨਾ ਹੈ। ਮੌਜੂਦਾ ਰਾਜਨੀਤੀ ਵਿੱਚ ਸਰਕਾਰ ਪੂੰਜੀਪਤੀਆਂ ਅਤੇ ਬਜ਼ਾਰੀ ਸ਼ਕਤੀਆਂ ਅਧੀਨ ਹੈ ਪਰ ਦੁਪਾਸੜ ਲੁੱਟ ਦੀ ਉਪ੍ਰੋਕਤ ਸਥਿਤੀ ਤੋਂ ਸਰਕਾਰ ਜਾਣੂ ਹੈ। ਕਿਰਤੀ ਜਾਣੂ ਨਹੀਂ। ਦੂਜੀ ਸੰਭਾਵਨਾ ਕਿਰਤੀ ਦੇ ਜਾਣੂ ਹੋਣ ਨਾਲ ਜੁੜੀ ਹੈ।



ਸੁੱਚਾ ਸਿੰਘ ਖੱਟੜਾ

ਅਸਲ ਵਿੱਚ ਕਮਿਊਨਿਸਟਾਂ ਦੇ ਪ੍ਰਚਾਰ ਨੇ ਕਿਰਤ ਅਤੇ ਕਿਰਤੀ ਸ਼ਬਦ ਕਾਰਖਾਨੇ ਦੇ ਮਜ਼ਦੂਰਾਂ ਤੱਕ ਇਸ ਤਰ੍ਹਾਂ ਸੀਮਤ ਕਰਕੇ ਨੂੜ ਦਿੱਤਾ ਕਿ ਕਾਰਖਾਨਿਆਂ ਤੋਂ ਬਾਹਰ ਕੰਮ ਕਰਦੇ ਸਰਕਾਰੀ ਦਫ਼ਤਰਾਂ ਅਤੇ ਕਾਰੋਬਾਰੀਆਂ ਕੋਲ ਕੰਮ ਕਰਦੇ ਬਾਬੂ, ਅਧਿਕਾਰੀ, ਟੀਚਰ, ਡਾਕਟਰ, ਸਿਹਤ ਕਾਮੇ, ਰੇੜ੍ਹੀ-ਫੜ੍ਹੀ ਲਗਾ ਕੇ ਗਲੀਆਂ ਵਿੱਚ ਹੋਕੇ ਲਗਾ ਕੇ ਜਨਤਾ ਨੂੰ ਵੱਖ-ਵੱਖ ਸੁਵਿਧਾਵਾਂ ਵੇਚਣ ਵਾਲੇ, ਸੜਕਾਂ ਦੀਆਂ ਪਟੜੀਆਂ 'ਤੇ ਬੈਠੇ ਨਾਈ, ਮੋਚੀ, ਅਤੇ ਛੋਟੀਆਂ ਦੁਕਾਨਾਂ ਵਿੱਚ ਬੈਠੇ ਆਪਣਾ ਕੰਮ ਕਰਦੇ ਦਰਜੀ, 12-12 ਘੰਟੇ ਆਪਣੀਆਂ ਦੁਕਾਨਾਂ ਉੱਤੇ ਬੈਠੇ, ਕਾਊਂਟਰਾਂ ਉਤੇ ਖੜੇ ਕਾਰੋਬਾਰੀ, ਇੱਥੋਂ ਤੱਕ ਕਿ ਕਿਸਾਨ ਵੀ ਕਿਰਤੀ ਅਖਵਾਉਣ ਨੂੰ ਤਿਆਰ ਨਹੀਂ। ਇਨ੍ਹਾਂ ਸਭ ਲਈ ਕਾਰਖਾਨੇ ਦਾ ਮਜ਼ਦੂਰ ਅਤੇ ਲੇਬਰ ਚੌਕ ਤੋਂ ਲਿਆਂਦਾ ਜਾਂ ਲਿਆਂਦੇ ਮਜ਼ਦੂਰ ਹੀ ਕਿਰਤੀ ਹੁੰਦੇ ਹਨ। ਸਮਾਜ ਵਿੱਚ ਇਨਕਲਾਬੀ ਬਦਲਾਅ ਲਿਆਉਣ ਵਾਲਿਆਂ ਲਈ ਇਹ ਵੱਡੀ ਚੁਣੌਤੀ ਹੈ ਕਿ ਉਹ ਇਨ੍ਹਾਂ ਸਭ ਨੂੰ ਇਹ ਗਿਆਨ ਦੇਣ ਕਿ ਜਿਹੜਾ ਵੀ ਸਮਾਜ ਦੀ ਕੋਈ ਲੋੜ ਪੂਰੀ ਕਰਨ ਲਈ ਹਰ ਦਿਨ ਕੋਈ ਸੇਵਾਵਾਂ ਦੀ ਪੂਰਤੀ ਕਰਦਾ ਹੈ, ਉਹ ਕਿਰਤੀ ਹੈ, ਕਿਉਂਕਿ ਉਹ ਜੋ ਵੀ ਹਾਸਲ ਕਰਦਾ ਹੈ, ਜਿਸ ਨਾਲ ਉਹ ਘਰ ਚਲਾਉਂਦਾ ਹੈ, ਭਾਵੇਂ ਉਹ ਦਿਹਾੜੀਦਾਰ ਮਜ਼ਦੂਰ ਜਾਂ ਕਾਰਖਾਨੇ ਦੇ ਮਜ਼ਦੂਰ ਵਾਂਗ ਕਿਰਤ ਸਿੱਧੀ ਅਤੇ ਨੰਗੀ-ਚਿੱਟੀ ਨਹੀਂ ਵੇਚਦਾ, ਇਸ ਲਈ ਉਹ ਕਿਰਤੀ ਵਰਗ ਦਾ ਹਿੱਸਾ ਨਹੀਂ ਬਣਦਾ, ਪਰ ਅੱਜ ਇਨ੍ਹਾਂ ਵਿੱਚੋਂ ਵੱਡੇ ਹਿੱਸੇ ਦੇ ਰੋਜ਼ਾਨਾ ਜੀਵਨ ਨੇ ਸਥਿਤੀਆਂ ਬਣਾ ਦਿੱਤੀਆਂ ਹਨ ਕਿ ਉਹ ਸਮਝਣ ਦੀ ਲੋੜ ਮਹਿਸੂਸ ਕਰਨ ਲੱਗ ਪਏ ਹਨ। ਸਫ਼ਲਤਾ ਵਿੱਚ ਦਿਲ ਤੋੜੂ ਅਨਿਸ਼ਚਤਤਾ, ਔਲਾਦ ਦੇ ਭਵਿੱਖ ਸਾਹਮਣੇ ਨਿਰਾਸ਼ਾ, ਕਾਰੋਬਾਰ ਕਰਦਿਆਂ-ਕਰਦਿਆਂ ਪੂਰੀਆਂ ਨਾ ਪੈਣਾ ਇਸ ਵੱਡੇ ਹਿੱਸੇ ਦਾ ਨਿੱਤ ਦਾ ਅਨੁਭਵ ਹੋ ਰਿਹਾ ਹੈ। ਫਿਲਹਾਲ ਧਾਗੇ-ਤਵੀਜ਼ਾਂ ਅਤੇ ਆਪਣੀ-ਆਪਣੀ ਕਿਸੇ ਹੋਰ ਗੈਬੀ ਸ਼ਕਤੀ ਤੋਂ ਵਧੇਰੇ ਆਸ ਹੈ। ਇਸ ਵਰਗ ਨੇ ਜਿੰਨਾ ਅੰਬਾਨੀ, ਅਡਾਨੀ ਅਤੇ ਇਨ੍ਹਾਂ ਦੇ ਦੇਸ਼-ਦੁਨੀਆ ਵਿੱਚ ਫੈਲੇ ਭਾਈਚਾਰੇ ਦੀ ਵਧਦੀ ਦੌਲਤ ਨੂੰ ਸਰਕਾਰਾਂ ਦੀਆਂ ਨੀਤੀਆਂ ਵਿੱਚੋਂ ਤਾਂ ਸਮਝਣਾ ਸ਼ੁਰੂ ਕਰ ਦਿੱਤਾ ਹੈ, ਪਰ ਓਨਾ ਆਪਣੀ ਆਰਥਿਕ ਅਸੁਰੱਖਿਆ ਨੂੰ ਸਰਕਾਰੀ ਨੀਤੀਆਂ ਨਾਲ ਹਾਲੇ ਨਹੀਂ ਜੋੜਿਆ। ਪਰ ਇਹ ਧੁੰਦ ਹਟਾਉਣੀ ਹੁਣ ਸੌਖੀ ਹੋ ਰਹੀ ਹੈ। ਬਦਲਾਅ ਦੀਆਂ ਸ਼ਕਤੀਆਂ ਲਈ ਇਹ ਇੱਕ ਹੋਰ ਸੰਭਾਵਨਾ ਬਣ ਗਈ ਹੈ। ਸ਼ਬਦ 'ਸਿਸਟਮ' ਹੁਣ ਸਮਝਣ ਵੱਲ ਇਸ ਹਿੱਸੇ ਨੂੰ ਲਿਜਾਣਾ ਹੁਣ ਕੁਝ-ਕੁਝ ਸੰਭਵ ਹੋ ਰਿਹਾ ਹੈ।

ਇਸੇ ਵਰਗ ਵਿੱਚੋਂ ਇੱਕ ਹਿੱਸਾ ਮੁਲਾਜ਼ਮਾਂ ਦਾ ਹੈ, ਜਿਨ੍ਹਾ ਦੇ ਵੇਖਦਿਆਂ-ਵੇਖਦਿਆਂ ਉਨ੍ਹਾ ਦੇ ਗਰੇਡ ਗਏ, ਰੈਗੂਲਰ ਨਿਯੁਕਤੀਆਂ, ਪੈਨਸ਼ਨਾਂ ਅਤੇ ਹੋਰ ਸੁਵਿਧਾਵਾਂ ਗਈਆਂ, ਬੇਰੁਜ਼ਗਾਰੀ ਮਾਰੇ ਇਸ ਤਬਕੇ ਦੇ ਨਾਲ ਖੜ ਕੇ ਸੰਘਰਸ਼ ਵਿੱਚ ਸਾਥ ਵੀ ਦੇਣਾ ਹੈ। ਆਪਣੇ ਸਮੇਤ ਇਨ੍ਹਾਂ ਵਿੱਚੋਂ ਬੁੱਧੀਮਾਨਾਂ ਨੂੰ ਹੋ ਰਹੀਆਂ ਇਨ੍ਹਾਂ ਤੂਫ਼ਾਨੀ ਤਬਦੀਲੀਆਂ ਦੇ ਜਨਮਦਾਤਾ "ਸਿਸਟਮ" ਨੂੰ ਸਮਝਣ ਦੇ ਕਾਰਜ ਉੱਤੇ ਲੱਗਣ ਦੇ ਕਾਰਨ ਵਿੱਚ ਵੀ ਜੁਟਣਾ ਹੈ। ਤਬਦੀਲੀ ਲਿਆਉਣ ਲਈ ਨੁਕਸਦਾਰ ਅਤੇ ਅਧੂਰੀਆਂ ਨੀਤੀਆਂ ਦੀ ਇਕੱਲੀ ਅਲੋਚਨਾ ਨਹੀਂ, ਪਾਰਦਰਸ਼ਤਾ ਵਿੱਚੋਂ ਕਾਰਗਾਰ ਦਿਸਦਾ ਬਰਾਬਰ ਦਾ ਸਿਸਟਮ ਵੀ ਚਾਹੀਦਾ ਹੈ। ਕੁਝ-ਕੁਝ ਇਸੇ ਤਰ੍ਹਾਂ ਦਾ ਕਿਸਾਨੀ ਬਾਰੇ ਵੀ ਕਰਨਯੋਗ ਵਿਚਾਰਨਾ ਜਾਰੀ ਰੱਖਾਂਗੇ। ਇੱਕ ਸੰਭਾਵਨਾਵਾਂ ਪ੍ਰਸਥਿਤੀਆਂ ਦੇ ਰਹੀਆਂ ਹਨ, ਦੂਜੀਆਂ ਸੰਭਾਵਨਾਵਾਂ ਸਿਰਜੀਆਂ ਜਾ ਸਕਦੀਆਂ ਹਨ।

ਅਗਲੀ ਸੰਭਾਵਨਾ ਵੱਲ ਜਾਣ ਤੋਂ ਪਹਿਲਾਂ ਇਨਕਲਾਬੀ ਬਦਲ ਦੀਆਂ ਸ਼ਕਤੀਆਂ ਨੂੰ ਆਪਣੀ ਹੋਂਦ-ਹੈਸੀਅਤ ਨੂੰ ਸਮਝਣਾ ਜ਼ਰੂਰੀ ਹੈ। ਇਸ ਦੇ ਨਾਲ ਜੁੜਵੇਂ ਉਸ ਰਾਜਸੀ ਚੁਗਿਰਦੇ-ਚੌਖਟੇ ਨੂੰ ਵੀ ਸਮਝਣਾ ਜ਼ਰੂਰੀ ਹੈ, ਜਿਸ ਵਿੱਚ ਰਹਿੰਦਿਆਂ ਬਦਲ ਦੀਆਂ ਸ਼ਕਤੀਆਂ ਨੂੰ ਕੰਮ ਕਰਨਾ ਪੈਣਾ ਹੈ। ਲੋਕਤੰਤਰ ਵਿੱਚ ਆਪਣੇ-ਆਪ ਨੂੰ ਅਜਿੱਤ ਸਮਝਣ ਵਾਲੀਆਂ ਸਰਕਾਰਾਂ ਨੂੰ ਜਿਸ ਢੰਗ ਨਾਲ ਲੋਕ ਬਦਲ ਲੈਂਦੇ ਹਨ, ਉਸ ਨਾਲ ਲੋਕਤੰਤਰ ਰਾਹੀਂ ਬਦਲਾਅ 'ਚ ਲੋਕਾਂ ਦਾ ਸਵੈ ਭਰੋਸਾ ਵਧ ਕੇ ਲੋਕਤੰਤਰ ਉਨ੍ਹਾ ਲਈ ਅਬਦਲ ਹੋ ਗਿਆ ਹੈ। ਨੋਟਾ ਦਾ ਹੱਕ ਜਿੰਨੀ ਵੀ ਗਿਣਤੀ ਦਰਸਾਉਂਦਾ, ਉਹ ਵੀ ਲੋਕਤੰਤਰ ਨੂੰ ਨਿਕਾਰਨ ਦੀ ਥਾਂ ਹੋਰ-ਹੋਰ ਕਾਰਨਾਂ ਦਾ ਲਖਾਇਕ ਹੈ। ਇਸ ਤਰ੍ਹਾਂ ਊਠ ਦੇ ਲਟਕਦੇ ਬੁੱਲ੍ਹ ਭਾਵ ਵੋਟਤੰਤਰ ਤੋਂ

15-JULY-PAGE-5.qxd 7/14/2023 10:03 PM Page 1

ਜਲ ਸਪਲਾਈ ਵਿਭਾਗ ਦੇ ਵਰਕਰਾਂ ਵੱਲੋਂ ਸਰਕਾਰ ਤੇ ਮੈਨੇਜਮੈਂਟ ਖਿਲਾਫ ਅਰਥੀ ਫੂਕ ਪ੍ਰਦਰਸ਼ਨ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)

ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੀ ਸੂਬਾ ਕਮੇਟੀ ਦੇ ਫੈਸਲੇ ਤਹਿਤ ਅੱਜ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਦੇ ਮੇਨ ਵਾਟਰ ਵਰਕਸ ਵਿਖੇ ਪੰਜਾਬ ਸਰਕਾਰ ਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੀ ਮੈਨੇਜਮੈਂਟ ਖਿਲਾਫ ਅਰਥੀ ਫੂਕ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਸੂਬਾ ਪ੍ਰਚਾਰ ਸਕੱਤਰ ਤੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਭੱਟੀ, ਜ਼ਿਲ੍ਹਾ ਜਰਨਲ ਸਕੱਤਰ ਸੁਰਜੀਤ ਸਿੰਘ ਤੱਖੀ, ਜ਼ਿਲ੍ਹਾ ਮੀਤ ਪ੍ਰਧਾਨ ਜਸਵੀਰ ਸਿੰਘ ਕਾਲਾ ਨੇ ਕਿਹਾ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਵਿੱਚ ਪਿਛਲੇ 10-15 ਸਾਲਾਂ ਤੋਂ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਤੇ ਆਊਟਸੋਰਸ ਵਰਕਰਾਂ ਨੂੰ ਵਿਭਾਗ 'ਚ ਮਰਜ ਕਰਕੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨ ਦੀ ਯੂਨੀਅਨ ਦੀ ਪ੍ਰਮੁੱਖ ਮੰਗ ਦਾ ਹੱਲ ਕਰਨ ਲਈ ਪੰਜਾਬ ਸਰਕਾਰ ਦੇ ਆਦੇਸ਼ਾਂ ਤਹਿਤ ਜਸਸ ਵਿਭਾਗ ਦੇ ਅਧਿਕਾਰੀਆਂ ਵੱਲੋਂ ਤਿਆਰ ਕੀਤੀ ਗਈ ਪ੍ਰਪੋਜਲ (ਤਜਵੀਜ਼) ਨੂੰ ਲਾਗੂ ਕਰਵਾਉਣ ਲਈ ਸਰਕਾਰ ਦੀ ਕੈਬਿਨਟ ਸਬ-ਕਮੇਟੀ ਕੋਲ ਭੇਜਣ ਵਿੱਚ ਅਣਦੇਖੀ ਕੀਤੀ ਜਾ ਰਹੀ ਹੈ, ਉਥੇ ਹੀ ਵਰਕਰਾਂ ਦੇ ਕੱਚੇ ਪਿੱਲੇ ਰੁਜ਼ਗਾਰ ਨੂੰ ਵੀ ਖੋਹ ਕੇ ਬੇਰੁਜ਼ਗਾਰ ਕਰਨ ਦੀਆਂ ਆਏ ਦਿਨ ਵਰਕਰ ਵਿਰੋਧੀ ਚਿੱਠੀਆਂ ਕੱਢੀਆਂ ਜਾ ਰਹੀਆਂ ਹਨ। ਆਗੂਆਂ ਨੇ ਦੱਸਿਆ ਕਿ ਉਕਤ ਜਥੇਬੰਦੀ ਦੀ ਵਿਭਾਗੀ ਮੁਖੀ, ਜਸਸ ਵਿਭਾਗ ਮੁਹਾਲੀ ਦੇ ਨਾਲ 26 ਜੂਨ 2023 ਨੂੰ ਮਿੰਨੀ ਸਕੱਤਰਤ ਚੰਡੀਗੜ੍ਹ ਵਿਖੇ ਹੋਈ ਮੀਟਿੰਗ ਦੌਰਾਨ ਇਨਲਿਸਮੈਂਟ/ ਆਊਟਸੋਰਸ ਵਰਕਰਾਂ ਨੂੰ ਵਿਭਾਗ ਵਿੱਚ ਸਿੱਧੇ ਤੌਰ 'ਤੇ ਕੰਟਰੈਕਟ ਤੇ ਲੈਣ ਸਬੰਧੀ ਵਿਭਾਗੀ ਰਿਪੋਰਟ (ਪਾਲਸੀ) 10 ਜੁਲਾਈ 2023 ਤੱਕ ਪ੍ਰਸੋਨਲ/ਵਿੱਤ ਵਿਭਾਗ ਪੰਜਾਬ ਸਰਕਾਰ ਨੂੰ ਭੇਜ ਦਿੱਤੀ ਜਾਵੇਗ, ਪਰ ਤ੍ਰਾਸਦੀ ਇਹ ਹੈ ਕਿ ਵਿਭਾਗ ਵੱਲੋਂ 7 ਜੁਲਾਈ 2023 ਨੂੰ ਇੱਕ ਹੋਰ ਚਿੱਠੀ ਜਾਰੀ ਕਰਕੇ ਵਿਭਾਗੀ ਮੁਖੀ ਦੇ ਨਾਲ 12 ਜੁਲਾਈ 2023 ਨੂੰ ਯੂਨੀਅਨ ਦੀ ਤੈਅ ਹੋਈ ਮੀਟਿੰਗ ਨੂੰ ਰੱਦ ਕਰਕੇ ਅਗਲੀ ਮੀਟਿੰਗ 14 ਜੁਲਾਈ 2023 ਕਰਨ ਦਾ ਸਮਾਂ ਦਿੱਤਾ ਗਿਆ, ਪਰ ਵਿਭਾਗ ਵੱਲੋਂ 11 ਜੁਲਾਈ 2023 ਨੂੰ ਪੱਤਰ ਜਾਰੀ ਕਰਕੇ 14 ਜੁਲਾਈ ਨੂੰ ਵਿਭਾਗੀ ਮੁਖੀ ਦੇ ਨਾਲ ਹੋਣ ਵਾਲੀ ਮੀਟਿੰਗ ਨੂੰ ਰੱਦ ਕਰ ਦਿੱਤਾ ਗਿਆ ਹੈ।

ਇਸ ਦੇ ਨਾਲ ਹੀ ਵਿਭਾਗ ਵੱਲੋਂ ਲਿਖਤੀ ਰੂਪ 'ਚ ਤੈਅ ਕੀਤੇ ਸਮੇਂ ਵਿੱਚ ਇਨਲਿਸਟਮੈਂਟ/ਆਊਟਸੋਰਸ ਵਰਕਰਾਂ ਨੂੰ ਵਿਭਾਗ 'ਚ ਲੈਣ ਵਾਲੀ ਪਾਲਸੀ ਨੂੰ ਸਰਕਾਰ ਕੋਲ ਅਜੇ ਤੱਕ ਨਹੀਂ ਭੇਜਿਆ ਗਿਆ ਹੈ, ਜਿਸ ਦੇ ਰੋਸ ਵਜੋਂ ਯੂਨੀਅਨ ਵੱਲੋਂ ਪਹਿਲਾਂ ਤੋਂ ਤੈਅ ਕੀਤੇ ਪ੍ਰੋਗਰਾਮ ਤਹਿਤ 14 ਜੁਲਾਈ ਨੂੰ ਸਾਰੇ ਪੰਜਾਬ ਵਿੱਚ ਪੰਜਾਬ ਸਰਕਾਰ ਤੇ ਵਿਭਾਗ ਦੀ ਮੈਨੇਜਮੈਂਟ ਖਿਲਾਫ ਅਰਥੀ ਫੂਕ ਪ੍ਰਦਰਸ਼ਨ ਕਰਕੇ ਚੇਤਾਵਨੀ ਦਿੱਤੀ ਕਿ ਜੇਕਰ ਫਿਰ ਵੀ ਮੈਨੇਜਮੈਂਟ ਵੱਲੋਂ ਵਰਕਰ ਵਿਰੋਧੀ ਲਏ ਜਾ ਰਹੇ ਫੈਸਲਿਆਂ ਨੂੰ ਤੁਰੰਤ ਵਾਪਸ ਨਾ ਲਿਆ ਗਿਆ ਤਾਂ ਯੂਨੀਅਨ ਦੀ ਸੂਬਾ ਕਮੇਟੀ ਵੱਲੋਂ 16 ਜੁਲਾਈ 2023 ਨੂੰ ਲੁਧਿਆਣਾ ਈਸੜੂ ਭਵਨ ਵਿਖੇ ਮੀਟਿੰਗ ਕਰਨ ਉਪਰੰਤ ਭਵਿੱਖ ਤਿੱਖੇ ਸੰਘਰਸ਼ਾਂ ਦਾ ਐਲਾਨ ਕੀਤਾ ਜਾਵੇਗਾ, ਜਿਸ ਦੀ ਸਾਰੀ ਜ਼ੁੰਮੇਵਾਰੀ ਸਰਕਾਰ ਤੇ ਵਿਭਾਗੀ ਅਧਿਕਾਰੀਆਂ ਦੀ ਹੋਵੇਗੀ। ਇਸ ਦੌਰਾਨ ਜਸਬੀਰ ਕੌਰ, ਹਰਪ੍ਰੀਤ ਕੌਰ, ਸੁਖਵਿੰਦਰ ਕੌਰ, ਗੁਰਦੀਪ ਕੌਰ, ਕਰਮਜੀਤ ਕੌਰ, ਬਬੀਤਾ, ਗਗਨਦੀਪ ਸਿੰਘ, ਗੁਰਮੀਤ ਸਿੰਘ, ਸੁਖਜੀਤ ਸਿੰਘ, ਨਿਰਮਲ ਸਿੰਘ ਤੇ ਕੁਲਦੀਪ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਵਰਕਰ ਹਾਜ਼ਰ ਹੋਏ।

ਜਲਾਲਾਬਾਦ (ਜੀਤ ਕੁਮਾਰ) : ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੀ ਸੂਬਾ ਕਮੇਟੀ ਦੇ ਫੈਸਲੇ ਤਹਿਤ ਇਥੇ ਗੁੰਮਾਨੀਵਾਲਾ ਵਿਖੇ ਸਬ ਡਵੀਜ਼ਨ ਦਫਤਰ ਵਿੱਚ ਪੰਜਾਬ ਸਰਕਾਰ ਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੀ ਮੈਨੇਜਮੈਂਟ ਖਿਲਾਫ ਅਰਥੀ ਫੂਕ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਆਲਮਕੇ, ਜ਼ਿਲ੍ਹਾ ਜਨਰਲ ਸਕੱਤਰ ਬਲਵਿੰਦਰ ਸਿੰਘ ਨੂਰ ਸਮੰਦ, ਜਲਾਲਾਬਾਦ ਬ੍ਰਾਂਚ ਪ੍ਰਧਾਨ ਰਾਕੇਸ਼ ਸਿੰਘ ਹੀਰੇਵਾਲਾ, ਦਫਤਰੀ ਸਟਾਫ ਸਬ ਕਮੇਟੀ ਦੇ ਸੂਬਾ ਪ੍ਰਚਾਰ ਸਕੱਤਰ ਸੁਖਚੈਨ ਸਿੰਘ ਸੋਢੀ ਨੇ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਤੇ ਮੈਨੇਜਮੈਂਟ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਮੈਨੇਜਮੈਂਟ ਵੱਲੋਂ ਵਰਕਰ ਵਿਰੋਧੀ ਲਏ ਜਾ ਰਹੇ ਫੈਸਲਿਆਂ ਨੂੰ ਤੁਰੰਤ ਵਾਪਸ ਨਾ ਲਿਆ ਗਿਆ, ਜਲ ਸਪਲਾਈ ਵਿਭਾਗ ਦੇ ਇਨਲਿਸਟਮੈਂਟ/ਆਊਟਸੋਰਸ ਵਰਕਰਾਂ ਦੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨ ਵਾਲੀ ਪ੍ਰਪੋਜਲ ਸਰਕਾਰ ਦੀ ਕੈਬਿਨਟ ਸਬ-ਕਮੇਟੀ ਕੋਲ ਤੁਰੰਤ ਨਹੀਂ ਭੇਜੀ ਤਾਂ ਯੂਨੀਅਨ ਵੱਲੋਂ ਭਵਿੱਖ 'ਚ ਤਿੱਖੇ ਸੰਘਰਸ਼ ਕੀਤੇ ਜਾਣਗੇ।

ਪੰਚਾਇਤੀ ਜ਼ਮੀਨ ਦੀ ਬੋਲੀ ਨਾ ਕਰਨ ਦੇ ਰੋਸ ਵਜੋਂ ਮਜ਼ਦੂਰਾਂ ਕੀਤੀ ਰੈਲੀ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੀ ਅਗਵਾਈ ਹੇਠ ਪਿੰਡ ਦੁਗਾਲ ਖੁਰਦ ਦੇ ਖੇਤ ਮਜ਼ਦੂਰਾਂ ਨੇ ਪ੍ਰਸ਼ਾਸਨ ਵੱਲੋਂ ਪੰਚਾਇਤੀ ਰਿਜ਼ਰਵ ਕੋਟੇ ਵਾਲੀ ਜ਼ਮੀਨ ਦੀ ਬੋਲੀ ਨਾ ਕਰਵਾਉਣ ਦੇ ਰੋਸ ਵਜੋਂ ਰੈਲੀ ਕੀਤੀ।

ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਸਕੱਤਰ ਧਰਮਪਾਲ ਸਿੰਘ ਤੇ ਸੂਬ ਆਗੂ ਬਲਜੀਤ ਸਿੰਘ ਨੇ ਦੱਸਿਆ ਕਿ ਪਿੰਡ ਦੇ ਖੇਤ ਮਜ਼ਦੂਰਾਂ ਵੱਲੋਂ ਇਸ ਸਾਲ ਪੰਚਾਇਤੀ ਰਿਜ਼ਰਵ ਕੋਟੇ ਦੀ ਜ਼ਮੀਨ ਸਾਂਝੇ ਤੌਰ ਅਤੇ ਘੱਟ ਰੇਟ 'ਤੇ ਲੈਣ ਲਈ ਪਿਛਲੇ ਤਿੰਨ ਮਹੀਨਿਆਂ ਤੋਂ ਸੰਘਰਸ਼ ਕੀਤਾ ਜਾ ਰਿਹਾ ਹੈ, ਜਿਸ ਕਰਕੇ ਖੇਤ ਮਜ਼ਦੂਰਾਂ ਨੇ ਚਾਰ ਬੋਲੀਆਂ ਰੱਦ ਕਰਵਾਈਆਂ ਹਨ। ਪੰਚਾਇਤੀ ਰਿਜ਼ਰਵ ਕੋਟੇ ਵਾਲੀ ਜ਼ਮੀਨ ਦੀ ਚੌਥੀ ਵਾਰ ਬੋਲੀ ਰੱਦ ਹੋਈ ਨੂੰ ਵੀ ਤਕਰੀਬਨ ਇੱਕ ਮਹੀਨਾ ਹੋਣ ਵਾਲਾ ਹੈ, ਪਰ ਪ੍ਰਸ਼ਾਸਨ ਨੇ ਮੁੜ ਦੁਬਾਰਾ ਬੋਲੀ ਨਹੀਂ ਰੱਖੀ। ਬੋਲੀ ਨਾ ਕੀਤੇ ਜਾਣ ਕਰਕੇ ਮਜ਼ਦੂਰਾਂ ਅੰਦਰ ਭਾਰੀ ਰੋਸ ਹੈ, ਕਿਉਂਕਿ ਫਸਲ ਦਾ ਸਮਾਂ ਲੰਘਦਾ ਜਾ ਰਿਹਾ ਹੈ। ਖੇਤ ਮਜ਼ਦੂਰਾਂ ਨੇ ਆਪਣੇ ਮਾਣ ਸਨਮਾਨ ਲਈ ਜ਼ਮੀਨ ਲੈ ਕੇ ਉਸ ਵਿੱਚ ਸਾਂਝੇ ਤੌਰ 'ਤੇ ਖੇਤੀ ਕਰਨੀ ਹੈ। ਆਗੂਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਤੁਰੰਤ ਪੰਚਾਇਤੀ ਰਿਜ਼ਰਵ ਕੋਟੇ ਵਾਲੀ ਜ਼ਮੀਨ ਦੀ ਬੋਲੀ ਕਰਵਾਈ ਜਾਵੇ ਤਾਂ ਜੋ ਉਹ ਬੋਲੀ ਦੇ ਕੇ ਸਮੇਂ 'ਤੇ ਫਸਲ ਬੀਜ ਸਕਣ। ਇਸ ਮੌਕੇ ਜਗਤਾਰ ਸਿੰਘ, ਭੋਲਾ ਸਿੰਘ, ਕਰਮਜੀਤ ਸਿੰਘ, ਧੀਰਾ ਸਿੰਘ, ਕਾਕਾ ਸਿੰਘ, ਸੁਖਚੈਨ ਸਿੰਘ, ਪ੍ਰਿਤਪਾਲ ਸਿੰਘ ਆਦਿ ਹਾਜ਼ਰ ਸਨ।

ਪਿੰਡ ਦੁਗਾਲ ਵਿਖੇ ਰੋਸ ਰੈਲੀ ਕਰਦੇ ਹੋਏ ਖੇਤ ਮਜ਼ਦੂਰ।

ਮਨੀਪੁਰ ਦੇ ਦੰਗਾਗ੍ਰਸਤ ਇਲਾਕੇ ਦੇ ਦੌਰੇ 'ਤੇ ਗਏ ਆਗੂਆਂ 'ਤੇ ਕੇਸ ਦਰਜ ਕਰਨ ਦੀ ਨਿੰਦਾ

ਮੋਗਾ (ਨਵਾਂ ਜ਼ਮਾਨਾ ਸਰਵਿਸ)-ਪੰਜਾਬ ਇਸਤਰੀ ਸਭਾ ਜ਼ਿਲ੍ਹਾ ਮੋਗਾ ਦੀ ਮੀਟਿੰਗ ਸਰਬਜੀਤ ਕੌਰ ਦੀ ਪ੍ਰਧਾਨਗੀ ਹੇਠ ਹੋਈ। ਜ਼ਿਲ੍ਹਾ ਜਨਰਲ ਸਕੱਤਰ ਨਰਿੰਦਰ ਸੋਹਲ ਨੇ ਦੱਸਿਆ ਕਿ ਦੀਆਂ ਤਿੰਨ ਆਗੂ ਨੈਸ਼ਨਲ ਜਨਰਲ ਸਕੱਤਰ ਐਨੀ ਰਾਜਾ, ਸਕੱਤਰ ਨਿਸ਼ਾ ਸਿੱਧੂ ਤੇ ਸੁਪਰੀਮ ਕੋਰਟ ਦੀ ਵਕੀਲ ਦੀਕਸ਼ਾ ਦਿਵੇਦੀ ਨੇ ਦੰਗਾਗ੍ਰਸਤ ਰਾਜ ਮਨੀਪੁਰ ਦਾ ਦੌਰਾ ਕੀਤਾ। ਕੈਂਪਾਂ ਵਿੱਚ ਜਾ ਕੇ ਪੀੜਤ ਲੋਕਾਂ ਨੂੰ ਮਿਲੇ ਤੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ। ਉਨ੍ਹਾਂ ਨੇ ਹਿੰਸਾ ਦੇ ਕਾਰਨ ਜਾਨਣ ਦੀ ਵੀ ਕੋਸ਼ਿਸ਼ ਕੀਤੀ। ਵਾਪਸ ਆ ਕੇ ਉਨ੍ਹਾਂ ਪ੍ਰੈੱਸ ਕਾਨਫਰੰਸ ਕਰਕੇ ਸਾਰੇ ਹਾਲਾਤਾਂ ਤੋਂ ਸਭ ਨੂੰ ਜਾਣੂ ਕਰਵਾਉਣ ਦੀ ਕੋਸ਼ਿਸ਼ ਕੀਤੀ। ਕਾਮਰੇਡ ਐਨੀ ਰਾਜਾ ਨੇ ਸਾਰੇ ਰਾਜਾਂ ਨੂੰ ਅਪੀਲ ਕੀਤੀ ਕਿ ਦੰਗਾ ਪੀੜਤਾਂ ਦੀ ਮਦਦ ਲਈ ਲੋੜੀਂਦੀਆਂ ਵਸਤੂਆਂ ਦੀ ਜਾਂ ਆਰਥਿਕ ਸਹਾਇਤਾ ਕੀਤੀ ਜਾਵੇ।

ਹੈਰਾਨੀਜਨਕ ਹੈ ਕਿ ਇਨ੍ਹਾਂ ਤਿੰਨਾਂ ਆਗੂਆਂ 'ਤੇ ਮਨੀਪੁਰ ਦੇ ਪੁਲਸ ਇੰਚਾਰਜ ਲਿਬੇਨ ਸਿੰਘ ਦੀ ਸ਼ਿਕਾਇਤ 'ਤੇ ਕੇਸ ਦਰਜ ਕਰ ਲਿਆ ਹੈ ਕਿ ਇਨ੍ਹਾਂ ਆਗੂਆਂ ਨੇ ਦੰਗਿਆਂ ਨੂੰ ਸਰਕਾਰੀ ਸ਼ਹਿ ਪ੍ਰਾਪਤ ਤੇ ਮਨੀਪੁਰ ਦੇ ਮੁੱਖ ਮੰਤਰੀ ਦੇ ਅਸਤੀਫੇ ਨੂੰ ਡਰਾਮਾ ਦੱਸਿਆ ਹੈ। ਪੰਜਾਬ ਇਸਤਰੀ ਸਭਾ ਜ਼ਿਲ੍ਹਾ ਮੋਗਾ ਨੇ ਇਸ ਕਾਰਵਾਈ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਇਹ ਮੰਗ ਕਰਦੀ ਹੈ ਕਿ ਕੇਸ ਨੂੰ ਜਲਦੀ ਤੋਂ ਜਲਦੀ ਰੱਦ ਕੀਤਾ ਜਾਵੇ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਮਨਪ੍ਰੀਤ ਕੌਰ, ਪਰਮਜੀਤ ਕੌਰ, ਗੁਰਚਰਨ ਕੌਰ, ਬਲਜੀਤ ਕੌਰ, ਮਨਜੀਤ ਕੌਰ ਆਦਿ ਹਾਜ਼ਰ ਸਨ।

ਕਾਤਰਾਂ

ਰੂਬੀ ਬਾਂਸਲ ਨੇ ਅਹੁਦਾ ਸੰਭਾਲਿਆ

ਮਾਨਸਾ (ਆਤਮਾ ਸਿੰਘ ਪਮਾਰ)-ਸ੍ਰੀਮਤੀ ਰੂਬੀ ਬਾਂਸਲ ਨੇ ਮਾਨਸਾ ਵਿਖੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.) ਵਜੋਂ ਅਹੁਦਾ ਸੰਭਾਲ ਲਿਆ ਹੈ। ਡੀ.ਈ.ਓ.ਦਫ਼ਤਰ ਸਟਾਫ਼ ਵੱਲੋਂ ਅੱਜ ਨਵੇਂ ਆਏ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਰੂਬੀ ਬਾਂਸਲ ਦਾ ਨਿੱਘਾ ਸਵਾਗਤ ਕੀਤਾ, ਉਥੇ ਉਨ੍ਹਾਂ ਨੇ ਇਸ ਗੱਲ 'ਤੇ ਵੀ ਮਾਣ ਮਹਿਸੂਸ ਕੀਤਾ ਕਿ ਮਾਨਸਾ ਜ਼ਿਲ੍ਹੇ ਨੂੰ ਇਕ ਮਿਹਨਤੀ ਤੇ ਤਜਰਬੇਕਾਰ ਸਿੱਖਿਆ ਅਧਿਕਾਰੀ ਮਿਲੇ ਹਨ, ਜਿਸ ਕਾਰਨ ਮਾਨਸਾ ਜ਼ਿਲ੍ਹਾ ਸਿੱਖਿਆ ਖੇਤਰ 'ਚ ਹੋਰ ਵੱਡੀਆਂ ਪ੍ਰਾਪਤੀਆਂ ਕਰੇਗਾ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ.) ਹਰਿੰਦਰ ਸਿੰਘ ਭੁੱਲਰ, ਡਿਪਟੀ ਡੀਈਓ ਸੈਕੰਡਰੀ ਅਸ਼ੋਕ ਕੁਮਾਰ, ਡਿਪਟੀ ਡੀ.ਈ.ਓ ਐਲੀਮੈਂਟਰੀ ਗੁਰਲਾਭ ਸਿੰਘ ਨੇ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਰੂਬੀ ਬਾਂਸਲ ਨੂੰ ਜੀ ਆਇਆਂ ਆਖਦਿਆਂ ਹਰ ਸਹਿਯੋਗ ਦਾ ਭਰੋਸਾ ਦਿੱਤਾ।

ਡੇਅਰੀ ਦੀ ਦੁਕਾਨ 'ਚੋਂ ਨਗਦੀ ਤੇ ਚੋਰੀ

ਤਪਾ ਮੰਡੀ (ਅਰੁਣ ਗੋਇਲ)-ਗੁਰਦੁਆਰਾ ਬਾਬਾ ਨਾਮਦੇਵ ਦੀ ਦੁਕਾਨ 'ਚ ਕਰਦੇ ਦੁੱਧ ਡੇਅਰੀ ਵਾਲੇ ਦੀ ਦੁਕਾਨ ਦਾ ਜਿੰਦਰਾ ਭੰਨ ਕੇ ਹਜ਼ਾਰਾਂ ਰੁਪੈ ਦੀ ਨਗਦੀ, ਖੰਡ-ਘਿਉ ਚੋਰੀ ਹੋਣ ਦੀ ਸੂਚਨਾ ਮਿਲੀ ਹੈ। ਸ਼ਰਮਾ ਡੇਅਰੀ ਮਾਲਕ ਅਨੁਸਾਰ ਖੁਸ਼ਪ੍ਰੀਤ ਸਿੰਘ ਪੁੱਤਰ ਸੁਰਜੀਤ ਸਿੰਘ ਨੇ ਦੱਸਿਆ ਕਿ ਦੁੱਧ ਡੇਅਰੀ ਦੇ ਨਾਲ ਕਰਿਆਨੇ ਦਾ ਕੰਮ ਵੀ ਕਰਦਾ ਹੈ, ਰਾਤ 9 ਵਜੇ ਦੁਕਾਨ ਬੰਦ ਕਰਕੇ ਗਿਆ, ਸਵੇਰ ਸਮੇਂ ਜਦ ਦੁਕਾਨ ਖੋਲ੍ਹਣ ਲੱਗਾ ਤਾਂ ਸ਼ਟਰ ਨੂੰ ਲਗਾਇਆ ਜਿੰਦਰਾ ਟੁੱਟਿਆ ਪਿਆ ਤੇ ਨਗਦੀ ਤੇ ਸਾਮਾਨ ਚੋਰੀ ਕਰਕੇ ਲੈ ਗਏ। ਚੋਰੀ ਸੰਬੰਧੀ ਪੁਲਸ ਚੌਕੀ ਤਪਾ ਨੂੰ ਦੱਸ ਦਿੱਤਾ ਹੈ, ਜਿਨ੍ਹਾਂ ਮੌਕੇ 'ਤੇ ਪਹੁੰਚ ਕੇ ਚੋਰਾਂ ਨੂੰ ਜਲਦੀ ਫੜਨ ਦਾ ਦਾਅਵਾ ਕੀਤਾ।

ਐੱਸ ਡੀ ਐੱਮ ਵੱਲੋਂ ਗਊਸ਼ਾਲਾ ਦਾ ਦੌਰਾ

ਤਪਾ ਮੰਡੀ (ਅਰੁਣ ਗੋਇਲ)-ਐੱਸ.ਡੀ.ਐੱਮ. ਤਪਾ ਨਰਿੰਦਰ ਸਿੰਘ ਪੀ ਸੀ ਐੱਸ ਨੇ ਸੰਤ ਚਿਤਾਨੰਦ ਗਊਸ਼ਾਲਾ ਆਲੀਕੇ ਜੈਮਲ ਸਿੰਘ ਵਾਲਾ ਵਿਖੇ ਐੱਸ.ਡੀ.ਐੱਮ ਤਪਾ ਨੇ ਅਚਾਨਕ ਗਊਸ਼ਾਲਾ ਦਾ ਦੌਰਾ ਕਰਕੇ ਸਾਂਭ ਸੰਭਾਲ ਕੀਤੀਆਂ ਜਾ ਰਹੀਆਂ ਗਊਆਂ ਦੀ ਪ੍ਰਬੰਧਕਾਂ ਤੋਂ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਸੰਤ ਚਿੰਤਾਨੰਦ ਦੀ ਸਮਾਧ ਤੇ ਨਤਮਸਤਕ ਹੋ ਕੇ ਸੰਤਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਦੌਰਾਨ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਮਰਜੀਤ ਸਿੰਘ ਧਾਲੀਵਾਲ ਸਮੁੱਚੀ ਕਮੇਟੀ ਸਮੇਤ ਐੱਸ.ਡੀ.ਐੱਮ ਡਾ. ਨਰਿੰਦਰ ਸਿੰਘ ਨੂੰ ਲੋਈ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਵਾਇਸ ਪ੍ਰਧਾਨ ਅਜਮੇਰ ਸਿੰਘ ਭੋਲਾ, ਸੈਕਟਰੀ ਬਲਜਿੰਦਰ ਸਿੰਘ ਢਿੱਲੋਂ, ਹਰਦੀਪ ਸਿੰਘ ਢਿੱਲੋਂ, ਜੀਤ ਸਿੰਘ ਪੱਪੂ, ਗਿੰਦੂ ਧਾਲੀਵਾਲ ਸਾਬਕਾ ਸਰਪੰਚ ਦਲੀਪ ਸਿੰਘ ਆਦਿ ਹਾਜ਼ਰ ਸਨ।

ਵਿਧਾਇਕ ਸਿੱਧੂ ਨੇ ਲੋਕ ਦਰਬਾਰ ਲਾ ਸੁਣੀਆਂ ਲੋਕਾਂ ਦੀਆਂ ਸਮੱਸਿਆਵਾਂ

ਰਾਮਪੁਰਾ ਫੂਲ (ਦਰਸ਼ਨ ਜਿੰਦਲ)

ਹਲਕਾ ਰਾਮਪੁਰਾ ਫੂਲ ਦੇ ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਹਲਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਲਈ ਪਹਿਲਾਂ ਦੀ ਤਰ੍ਹਾਂ ਫੇਰ ਲੋਕ ਦਰਬਾਰ ਲਗਾਇਆ। ਇਸ ਮੌਕੇ ਵਿਧਾਇਕ ਸਿੱਧੂ ਨੇ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਕਿਹਾ ਕਿ ਪਿੰਡ ਮਹਿਰਾਜ ਵਾਸੀਆਂ ਦਾ ਇੱਕ ਵਫਦ ਸੀ.ਐੱਚ.ਸੀ. ਨੂੰ ਅੱਪਗ੍ਰੇਡ ਕਰਵਾਉਣ ਦੀ ਮੰਗ ਲੈ ਕੇ ਆਇਆ ਸੀ, ਉਨ੍ਹਾਂ ਦੀ ਮੰਗ ਨੂੰ ਜਲਦੀ ਪੂਰਾ ਕੀਤਾ ਜਾਵੇਗਾ। ਉਨ੍ਹਾਂ ਮੌਕੇ 'ਤੇ ਹੀ ਸਿਹਤ ਮੰਤਰੀ ਦੇ ਇਹ ਮਸਲਾ ਧਿਆਨ ਵਿੱਚ ਲਿਆਂਦਾ ਤੇ ਉਨ੍ਹਾਂ ਕਿਹਾ ਕਿ ਇਸ ਸਬੰਧੀ ਸਿਹਤ ਮੰਤਰੀ ਛੇਤੀ ਹੀ ਪਿੰਡ ਮਹਿਰਾਜ ਦਾ ਦੌਰਾ ਕਰਨ

page-6-15-(JULY)-2023-G-(BV)31.qxd 7/14/2023 10:05 PM Page 1

2 ਲੱਖ 32 ਹਜ਼ਾਰ ਦੀ ਲੁੱਟ ਕਰਨ ਵਾਲੇ ਚਾਰ ਮੁਲਜ਼ਮ ਕਾਬੂ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਬੀਤੇ ਦਿਨੀਂ ਸਥਾਨਕ ਸ਼ਹਿਰ 'ਚ ਅਨਪੂਰਨਾ ਫਾਇਨਾਂਸ ਪ੍ਰਾਈਵੇਟ ਲਿਮਟਿਡ ਕੰਪਨੀ 'ਚ ਲੁੱਟ ਕਰਨ ਵਾਲੇ ਚਾਰ ਮੁਲਜ਼ਮਾਂ ਨੂੰ ਕਾਬੂ ਕਰਨ ਚ ਪੁਲਸ ਨੂੰ ਵੱਡੀ ਸਫਲਤਾ ਹੱਥ ਲੱਗੀ। ਜ਼ਿਲ੍ਹਾ ਪੁਲਸ ਮੁਖੀ ਗੁਰਮੀਤ ਸਿੰਘ ਚੌਹਾਨ ਦੇ ਹੁਕਮਾਂ ਅਨੁਸਾਰ ਵਿਸ਼ਾਲਜੀਤ ਸਿੰਘ ਐਸਐਸਪੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਬੀਤੇ ਦਿਨੀਂ ਸਥਾਨਕ ਕੰਪਨੀ 'ਚ ਹੋਈ ਖੋਹ ਦੀ ਵਾਰਦਾਤ ਨੂੰ ਟਰੇਸ ਕਰ ਲਿਆ ਗਿਆ ਹੈ। 10 ਜੁਲਾਈ ਨੂੰ ਅਣਪਛਾਤੇ ਵਿਅਕਤੀਆਂ ਵੱਲੋਂ ਅਨਪੂਰਨਾ ਫਾਇਨਾਂਸ ਪ੍ਰਾਈਵੇਟ ਲਿਮਟਿਡ ਦਫਤਰ 'ਚ ਦਾਖਲ ਹੋ ਕੇ ਹਥਿਆਰ ਦੀ ਨੋਕ 'ਤੇ 2 ਲੱਖ 32 ਹਜ਼ਾਰ ਰੁਪਏ ਦੀ ਲੁੱਟ ਕੀਤੀ ਗਈ ਸੀ। ਪੁਲਸ ਵੱਲੋਂ ਤੁਰੰਤ ਕਾਰਵਾਈ ਕਰਦੇ ਹੋਏ ਮੁਕੱਦਮਾ ਨੰਬਰ 114 ਮਿਤੀ 10.07.2023 ਜੁਰਮ 379-ਬੀ ਭ.ਦ.ਸ 25/54/59 ਅਸਲਾ ਐਕਟ ਥਾਣਾ ਸਿਟੀ ਪੱਟੀ ਦਰਜ ਕਰਕੇ ਅਗਲੀ ਤਫਤੀਸ਼ ਅਮਲ ਵਿੱਚ ਲਿਆਂਦੀ ਗਈ। ਪੁਲਸ ਦੀਆਂ ਵੱਖ-ਵੱਖ ਟੀਮਾਂ ਵੱਲੋਂ ਸੀਸੀਟੀਵੀ ਕੈਮਰਿਆਂ ਅਤੇ ਟੈਕਨੀਕਲ ਤੱਥਾਂ ਨਾਲ ਜਗਜੀਤ ਸਿੰਘ ਪੁੱਤਰ ਜਸਵੰਤ ਸਿੰਘ ਵਾਸੀ ਮੰਡੀ ਅਮੀਨਗੰਜ ਚੱਕ ਸਰਾਏ ਜ਼ਿਲਾ ਫਾਜ਼ਿਲਕਾ, ਗੁਰਪ੍ਰੀਤ ਸਿੰਘ ਪੁੱਤਰ ਹਰਪਾਲ ਸਿੰਘ ਵਾਸੀ ਚੱਕ ਸਰਾਏ, ਜਸਪਾਲ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਚੱਕ ਸਰਾਏ ਜ਼ਿਲਾ ਫਾਜ਼ਿਲਕਾ ਅਤੇ ਇੰਦਰਜੀਤ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਇੰਦਰਗੜ੍ਹ ਜ਼ਿਲਾ ਮੋਗਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਦੌਰਾਨੇ ਪੁੱਛ-ਗਿੱਛ ਇਹ ਗੱਲ ਸਾਹਮਣੇ ਆਈ ਕਿ ਦੋਸ਼ੀ ਜਸਪਾਲ ਸਿੰਘ ਜੋ ਕਿ ਅਨਪੂਰਨਾ ਕੰਪਨੀ ਵਿੱਚ ਨੌਕਰੀ ਕਰਦਾ ਹੈ, ਨੂੰ ਫੋਨ ਕਰਕੇ ਕਿਹਾ ਕਿ ਉਨ੍ਹਾਂ ਦੀ ਬ੍ਰਾਂਚ ਪੱਟੀ ਵਿੱਚ ਕੁੱਲ 3 ਲੱਖ ਰੁਪਏ ਪਏ ਹਨ। ਜਗਜੀਤ ਸਿੰਘ ਜੋ ਕਿ ਇਸ ਵਾਰਦਾਤ ਦਾ ਮਾਸਟਰ-ਮਾਈਂਡ ਹੈ, ਨੇ ਆਪਣੇ ਦੋ ਸਾਥੀ ਗੁਰਪ੍ਰੀਤ ਸਿੰਘ ਪੁੱਤਰ ਹਰਪਾਲ ਸਿੰਘ ਵਾਸੀ ਚੱਕ ਸਰਾਏ ਜੋ ਕਿ ਜਗਜੀਤ ਸਿੰਘ ਦੇ ਪਿੰਡ ਦਾ ਰਹਿਣ ਵਾਲਾ ਹੈ ਨੇ ਇੰਦਰਜੀਤ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਇੰਦਰਗੜ੍ਹ ਜ਼ਿਲਾ ਮੋਗਾ ਨੂੰ ਤਿਆਰ ਕੀਤਾ ਅਤੇ ਵਾਰਦਾਤ ਨੂੰ ਅੰਜਾਮ ਦੇਣ ਦਾ ਪਲਾਨ ਬਣਾਇਆ। 10 ਜੁਲਾਈ ਨੂੰ ਗੁਰਪ੍ਰੀਤ ਸਿੰਘ ਤੇ ਇੰਦਰਜੀਤ ਸਿੰਘ ਇੱਕ ਕਾਰ ਅਲਟੋ ਕੇ10 ਨੰਬਰੀ ਪੀਬੀ 61 ਸੀ 1230 ਅਤੇ ਮੋਟਰਸਾਈਕਲ ਸੀਡੀ ਡੀਲਕਸ ਨੰਬਰੀ ਪੀਬੀ 10 ਐਚ.ਐਫ 7567 ਪਰ ਸਵਾਰ ਹੋ ਕੇ ਪੱਟੀ ਪਹੁੰਚੇ ਅਤੇ ਅਲਟੋ ਕਿਤੇ ਖੜ੍ਹੀ ਕਰਕੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਵਾਰਦਾਤ ਨੂੰ ਅੰਜਾਮ ਦੇ ਕੇ ਮੌਕੇ ਤੋਂ ਫਰਾਰ ਹੋ ਗਏ। ਤਰਨ ਤਾਰਨ ਪੁਲਸ ਦੀਆਂ ਵੱਖ-ਵੱਖ ਟੀਮਾਂ ਨੇ ਤੁਰੰਤ ਕਾਰਵਾਈ ਕਰਦੇ ਹੋਏ ਇਨਾਂ ਚਾਰਾਂ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ। ਗ੍ਰਿਫਤਾਰ ਦੋਸ਼ੀਆਨ ਨੂੰ ਪੇਸ਼ ਅਦਾਲਤ ਕਰਕੇ ਰਿਮਾਂਡ ਹਾਸਲ ਕਰਕੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਇਸ ਮੌਕੇ ਡੀਐੱਸਪੀ ਸਤਨਾਮ ਸਿੰਘ ਥਾਣਾ ਮੁਖੀ ਪੱਟੀ ਸਿਟੀ ਹਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

COURT NOTICE

In the Court of
Sh. Parinder Singh Civil Judge (Senior Division), Jalandhar.
CNR No. PBJL02-002898-2022
Next Date : 7.8.2023
CS/1625/2022
Perfect Belts Private Limited
Versus
Sai Transmission Belt Co.
Mohalla Prem Garh, Near Phagwara Chowk, Hoshiarpur-146001 through its Prop Partner as Namely Mr. Balwinder Singh
Suit for grant of decree for recovery of Rs. 70,155/- alongwith interest as prayed for.
Publication issued to : Sai Transmission Belt Co.
In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 7.8.2023 at 10.00 a.m.
For details logon to https://high-courtchd.gov.in/?trs=district notice&district=Jalandhar
Civil Judge (Senior Division), Jalandhar.
Dated, this day of 6.7.2023

COURT NOTICE

(Under Guardian and Ward Act)
In the Court of
Amit Malhan Civil Judge (Senior Division), Amritsar.
CNR No. PBAS02-002514-2023
Next Date : 3.8.2023
Navjot Kaur Wd/o Late Sh. Mandeep Singh S/o Harpal Singh R/o H No. 293-A, Medical Enclave, Circular Road, Amritsar.
Versus
General Public
Petition under section 8 of the Hindu minority and Guardianship Act for Granting Permission to the Petitioner to sell the share of minor Ekamdeep Kaur.
Notice to : General Public
In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 3.8.2023 at 10.00 a.m.
For details logon to https://high-courtchd.gov.in/?trs=district notice&district=Amritsar
Civil Judge (Senior Division), Amritsar
Dated, this day of 12.7.2023

COURT NOTICE

In the Court of
Ms. Neha Goel Addl. Civil Judge (Senior Division), Dhuri.
CNR No. PBSGB0-000460-2023
Next Date : 30.8.2023
Baljinder Singh S/o Sukhchain Singh R/o Vill. Kaulseri, Tehsil Dhuri .
Versus
General Public
Suit for a Decree of Declaration
Publication issued to : General Public
In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 30.8.2023 at 10.00 a.m.
For details logon to https://high-courtchd.gov.in/?trs=district notice&district=Sangrur
Addl. Civil Judge (Senior Division), Dhuri.
Dated, this day of 12.7.2023

COURT NOTICE

In the Court of
Ms. Anuradha Sub Divisional Judicial Magistrate, Nabha.
CNR No. PBPTB1-002183-2021
Next Date : 2.8.2023
Jatin Jindal Versus Gupta Builders and Promotors Pvt. Ltd
Proclamation Requiring the Appearance of a person accused)
(See Section 82 Cr PC)
Publication issued to : 1. Gupta Builders and Promotors Pvt Ltd R/o Corporate Office SCO 196-197 Sector 34-A, Chandigarh through Director 2. Anupama Gupta Director Sales GBP, HIG-163, Sector 48-C, Opposite Mohali Gold Range, Mohali 3. Pardeep Kumar S/o Late Chaman Lal Gupta, Opposite LIC Building, Adarsh Nagar Derabassi (Mohali).
In above titled case, the accused could not be served. It is ordered that accused should appear in person or through counsel on 2.8.2023 at 10.00 a.m.
For details logon to https://high-courtchd.gov.in/?trs=district notice&district=Patiala
Sub Divisional Judicial Magistrate, Nabha.
Dated, this day of 13.7.2023

ਦਫਤਰ ਡਿਪਟੀ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲੰਧਰ ਸਾਹਮਣੇ ਵੱਡਾ ਡਾਕਖਾਨਾ, ਜਲੰਧਰ
Phone No. 0181-2224709 E-mail Id : drjalandhar@gmail.com

ਚੋਣ ਨੋਟਿਸ

ਦੀ ਪਰਜੀਆਂ ਕਲਾਂ ਸਹਿਕਾਰੀ ਬਹੁਮੰਤਵੀ ਸਭਾ ਲਿਮ: ਪਰਜੀਆਂ ਕਲਾਂ ਦੀ ਚੋਣ ਸੰਬੰਧੀ ਸਭਾ ਵੱਲੋਂ ਤਜਵੀਜੀ ਜ਼ੋਨ ਪ੍ਰਵਾਨਗੀ ਹਿੱਤ ਇਸ ਦਫਤਰ ਪ੍ਰਾਪਤ ਹੋਏ ਹਨ। ਜੇਕਰ ਇਸ ਸਭਾ ਦੇ ਕਿਸੇ ਹਿੱਸੇਦਾਰ/ਮੈਂਬਰ ਨੂੰ ਇਨ੍ਹਾਂ ਜ਼ੋਨਾਂ ਦੀ ਬਣਤਰ 'ਤੇ ਕੋਈ ਇਤਰਾਜ਼ ਹੋਵੇ ਤਾਂ ਉਹ ਨਿਮਨਹਸਤਾਖਰ ਦੇ ਦਫਤਰ ਵਿਖੇ ਮਿਤੀ 31.7.2023 ਨੂੰ ਸ਼ਾਮ 5.00 ਵਜੇ ਤੱਕ ਲਿਖਤੀ ਰੂਪ ਵਿੱਚ ਸਬੂਤ ਸਮੇਤ ਇਤਰਾਜ਼ ਦਾਖਲ ਕਰ ਸਕਦਾ ਹੈ, ਪ੍ਰਾਪਤ ਹੋਏ ਇਤਰਾਜ਼ਾਂ ਦੀ ਸੁਣਵਾਈ ਮਿਤੀ 1.8.2023 ਨੂੰ ਸਵੇਰੇ 11.00 ਵਜੇ ਨਿਮਨ ਹਸਤਾਖਰ ਵੱਲੋਂ ਆਪਣੇ ਦਫਤਰ ਵਿਖੇ ਕੀਤੀ ਜਾਵੇਗੀ। ਇਤਰਾਜ਼ਕਰਤਾ ਖੁਦ ਸੁਣਵਾਈ ਸਮੇਂ ਹਾਜ਼ਰ ਆਉਣ।
ਇਹਨਾਂ ਜ਼ੋਨਲ ਲਿਸਟਾਂ ਦੀ ਇੱਕ-ਇੱਕ ਪੜਤ ਪਰਜੀਆਂ ਕਲਾਂ ਸਹਿਕਾਰੀ ਬਹੁਮੰਤਵੀ ਸਭਾ ਲਿਮ: ਪਰਜੀਆਂ ਕਲਾਂ, ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਸ਼ਾਹਕੋਟ ਅਤੇ ਨਿਮਨਹਸਤਾਖਰ ਦੇ ਦਫਤਰ ਵਿਖੇ ਰੱਖੀ ਗਈ ਹੈ, ਜੋ ਕਿ ਕਿਸੇ ਵੀ ਕੰਮ ਵਾਲੇ ਦਿਨ ਦਫਤਰੀ ਸਮੇਂ ਵਿੱਚ ਆ ਕੇ ਵੇਖੀ ਜਾ ਸਕਦੀ ਹੈ।
ਡਿਪਟੀ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲੰਧਰ, (ਸਾਹਮਣੇ ਮੁੱਖ ਡਾਕਘਰ, ਜਲੰਧਰ)

ਦਫਤਰ ਡਿਪਟੀ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲੰਧਰ ਸਾਹਮਣੇ ਵੱਡਾ ਡਾਕਖਾਨਾ, ਜਲੰਧਰ
Phone No. 0181-2224709 E-mail Id : drjalandhar@gmail.com

ਚੋਣ ਨੋਟਿਸ

ਦੀ ਹਵੇਲੀ ਖੇਤੀਬਾੜੀ ਬਹੁਮੰਤਵੀ ਸਹਿਕਾਰੀ ਸਭਾ ਲਿਮ: ਹਵੇਲੀ ਦੀ ਚੋਣ ਸੰਬੰਧੀ ਸਭਾ ਵੱਲੋਂ ਤਜਵੀਜ਼ੀ ਜ਼ੋਨ ਪ੍ਰਵਾਨਗੀ ਹਿੱਤ ਇਸ ਦਫਤਰ ਪ੍ਰਾਪਤ ਹੋਏ ਹਨ। ਜੇਕਰ ਇਸ ਸਭਾ ਦੇ ਕਿਸੇ ਹਿੱਸੇਦਾਰ/ਮੈਂਬਰ ਨੂੰ ਇਨ੍ਹਾਂ ਜ਼ੋਨਾਂ ਦੀ ਬਣਤਰ 'ਤੇ ਕੋਈ ਇਤਰਾਜ਼ ਹੋਵੇ ਤਾਂ ਉਹ ਨਿਮਨਹਸਤਾਖਰ ਦੇ ਦਫਤਰ ਵਿਖੇ ਮਿਤੀ 31.7.2023 ਨੂੰ ਸ਼ਾਮ 5.00 ਵਜੇ ਤੱਕ ਲਿਖਤੀ ਰੂਪ ਵਿੱਚ ਸਬੂਤ ਸਮੇਤ ਇਤਰਾਜ਼ ਦਾਖਲ ਕਰ ਸਕਦਾ ਹੈ, ਪ੍ਰਾਪਤ ਹੋਏ ਇਤਰਾਜ਼ਾਂ ਦੀ ਸੁਣਵਾਈ ਮਿਤੀ 1.8.2023 ਨੂੰ ਸਵੇਰੇ 11.00 ਵਜੇ ਨਿਮਨ ਹਸਤਾਖਰ ਵੱਲੋਂ ਆਪਣੇ ਦਫਤਰ ਵਿਖੇ ਕੀਤੀ ਜਾਵੇਗੀ। ਇਤਰਾਜ਼ਕਰਤਾ ਖੁਦ ਸੁਣਵਾਈ ਸਮੇਂ ਹਾਜ਼ਰ ਆਉਣ।
ਇਹਨਾਂ ਜ਼ੋਨਲ ਲਿਸਟਾਂ ਦੀ ਇੱਕ-ਇੱਕ ਪੜਤ ਹਵੇਲੀ ਖੇਤੀਬਾੜੀ ਬਹੁਮੰਤਵੀ ਸਹਿਕਾਰੀ ਸਭਾ ਲਿਮ: ਹਵੇਲੀ, ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਸ਼ਾਹਕੋਟ ਅਤੇ ਨਿਮਨਹਸਤਾਖਰ ਦੇ ਦਫਤਰ ਵਿਖੇ ਰੱਖੀ ਗਈ ਹੈ, ਜੋ ਕਿ ਕਿਸੇ ਵੀ ਕੰਮ ਵਾਲੇ ਦਿਨ ਦਫਤਰੀ ਸਮੇਂ ਵਿੱਚ ਆ ਕੇ ਵੇਖੀ ਜਾ ਸਕਦੀ ਹੈ।
ਡਿਪਟੀ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲੰਧਰ, (ਸਾਹਮਣੇ ਮੁੱਖ ਡਾਕਘਰ, ਜਲੰਧਰ)

ਉਤਰ ਰੇਲਵੇ
ਨਿਵਿਦਾ ਸੂਚਨਾ

ਉਪ ਮੁੱਖ ਇੰਜੀਨੀਅਰ/ਨਿਰਮਾਣ/ਉਤਰ ਰੇਲਵੇ/ਜਲੰਧਰ ਸ਼ਹਿਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਕੰਮ ਦੇ ਲਈ ਦੋ ਪੈਕੇਟ ਸਿਸਟਮ ਦੇ ਤਹਿਤ ਈ-ਟੈਂਡਰ ਪ੍ਰਣਾਲੀ ਦੁਆਰਾ ਨਿਵਿਦਾਵਾਂ ਦੀ ਮੰਗ ਕਰਦੇ ਹਨ:-

1	ਕੰਮ ਦਾ ਨਾਮ ਅਤੇ ਸਥਾਨ	ਉਪ ਮੁੱਖ ਇੰਜੀਨੀਅਰ/ਨਿਰਮਾਣ/ਜਲੰਧਰ ਸ਼ਹਿਰ ਦੇ ਅਧਿਕਾਰ ਖੇਤਰ ਵਿਚ ਅੰਮ੍ਰਿਤਸਰ ਯਾਰਡ ਵਿਚ ਕਿ.ਮੀ. 511/30-31 ਤੇ ਆਰਓਬੀ ਨੰ. 157-ਏ ਦਾ ਮੌਜੂਦਾ ਬ੍ਰਿਕ ਮੇਸਨਰੀ ਸਮੇਤ ਸਟੀਲ ਗਡ਼ਰ ਉਪ ਸੰਰਚਨਾ ਨੂੰ ਤੋੜਨ ਦੇ ਬਾਅਦ, ਮੁੜ ਨਿਰਮਾਣ ਅਤੇ ਆਰਓਬੀ ਨੂੰ ਪੂਰਾ ਕਰਨ ਦੇ ਲਈ ਜਰੂਰੀ ਅਪ੍ਰੋਚ ਰੋਡ ਫੁਟਪਾਥ, ਸਟੇਯਰ ਕੇਸ ਦੇ ਨਿਰਮਾਣ ਸਮੇਤ ਹੋਰ ਸਬੰਧਿਤ ਕੰਮ।
2	ਕੰਮ ਨਿਪਟਾਰਾ ਸਮਾਂ	18 (ਅਠਾਰਾਂ) ਮਹੀਨੇ
3	ਕੰਮ ਦੀ ਅੰਦਾਜ਼ਨ ਲਾਗਤ	ਰੁ. 4919.57 ਲੱਖ
4	ਬਿਆਨਾ ਰਾਸ਼ੀ (ਆਨਲਾਈਨ ਜਮ੍ਹਾ ਕਰਵਾਉਣੀ ਹੋਵੇਗੀ	ਰੁ. 2609800/-
5	ਨਿਵਿਦਾ ਜਮ੍ਹਾ ਕਰਨ ਅਤੇ ਖੁਲਣ ਦੀ ਮਿਤੀ ਅਤੇ ਸਮਾਂ	ਨਿਵਿਦਾ ਮਿਤੀ 07.08.2023 ਨੂੰ 11:30 ਵਜੇ ਤਕ IREPS ਸਾਈਟ ਯਾਨੀ www.ireps.gov.in 'ਤੇ ਅਪਲੋਡ ਕੀਤੀ ਸਕਦੀ ਹੈ। ਬੋਲੀ ਲਗਾਉਣ ਵਾਲੇ ਈ-ਟੈਂਡਰ ਵਿਚ ਭਾਗ ਲੈ ਸਕਦੇ ਹਨ। ਨਿਵਿਦਾ 07.08.2023 ਨੂੰ 11:30 ਵਜੇ ਖੁਲੇਗੀ।
6	ਪਤਾ ਜਿਥੋਂ ਤੋਂ ਨਿਵਿਦਾ ਖਰੀਦੀ ਜਾ ਸਕਦੀ ਹੈ	ਨਿਵਿਦਾ ਦਸਤਾਵੇਜ www.ireps.gov.in 'ਤੇ ਉਪਲਬਧ ਹੈ। ਉਪਰੋਕਤ ਨਿਵਿਦਾ ਦਸਤਾਵੇਜ IREPS ਵੈਬਸਾਈਟ ਯਾਨੀ www.ireps.gov.in 'ਤੇ 24.07.2023 ਤੋਂ 07.08.2023 ਤਕ ਪ੍ਰਸਤਾਵ ਜਮ੍ਹਾ ਕਰਨ ਦੇ ਲਈ ਉਪਲਬਧ ਹੋਵੇਗਾ। ਉਪਰੋਕਤ ਨਿਵਿਦਾ ਦੇ ਸਬੰਧ ਵਿਚ ਹੋਰ ਸਾਰੇ ਨਿਯਮ ਅਤੇ ਸ਼ਰਤਾਂ ਨਿਵਿਦਾ ਦਸਤਾਵੇਜ ਵਿਚ ਦਿਤੀਆਂ ਗਈਆਂ ਹਨ। ਵਿਸਤ੍ਰਿਤ ਨਿਵਿਦਾ ਸੂਚਨਾ ਉਕਤ ਦਫਤਰ ਦੇ ਸੂਚਨਾ ਬੋਰਡ ਤੇ ਵੀ ਦੇਖੀ ਜਾ ਸਕਦੀ ਹੈ।

ਨੰ. 1-W/2023-24/Dy.CE/CJUC ਤਾਰੀਕ 13.07.2023 2158/23
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਕਲਾਸੀਫਾਈਡ ਇਸ਼ਤਿਹਾਰ

Public Notice

I, Darshan Singh S/o Shardha Ram, R/o Vill. Dugal Khurd, Teh. Patran, Distt. Patiala, Punjab, declare that I have misplaced and not traceable of previous sale deed vasika no. 785 dated 01-06-2016 in favour of Major Singh S/o Surjeet Singh R/o Vill. Dugal Khurd, Teh. Patran, Distt. Patiala. This sale deed not submitted in any Bank or any Court. Concerned note.

I, Nabila Vanti D/o Late. Harbans Lal R/o H.No. A, Block 23-R, Model House, Jalandhar, Punjab declare that my son's Rajat Kumar, Kamal Kumar and Sahil Kumar are out of my control. I disinherit them from my movable and immovable properties. I and my family members shall not be held responsible for any kind of dealings done with them. All please note.

Mr. Deepak Sandhu holding indian Passport No. R8122855 and Miss Neetu Rani holding Indian Passport No. V3262634 are married under the Foreign Marriage Act of India, 1969 at the Embassy of India in Athens. If anyone has any objections, he can inform the Embassy of India, Athens within 30 days.

ਆਮ ਸੂਚਨਾ

ਟਿਊਬਵੈਲ ਕੁਨੈਕਸ਼ਨ ਖਾਤਾ ਨੰਬਰ AP01-1467-M ਜੋ ਕਿ ਜਗੀਰ ਸਿੰਘ ਪੁੱਤਰ ਅਰਜਨ ਸਿੰਘ ਪਿੰਡ ਕੋਲ ਤਲਵੰਡੀ ਨਾਂ ਚਲਦਾ ਹੈ, ਨੂੰ ਬਦਲੀ ਕਰਨ ਲਈ ਜਸਵਿੰਦਰ ਕੌਰ ਪਤਨੀ ਸੁਖਵਿੰਦਰ ਸਿੰਘ ਪਿੰਡ ਕੋਲ ਤਲਵੰਡੀ ਵੱਲੋਂ ਅਰਜੀ ਪ੍ਰਾਪਤ ਹੋਈ ਹੈ। ਅਗਰ ਕਿਸੇ ਨੂੰ ਇਤਰਾਜ਼ ਹੋਵੇ ਤਾਂ ਉੱਪ ਮੰਡਲ ਖੇੜਾ ਮੰਦਿਰ ਨੂੰ 15 ਦਿਨਾਂ ਦੇ ਅੰਦਰ-2 ਰਿਪੋਰਟ ਕਰ ਸਕਦਾ ਹੈ।

ਕਰਮ ਸਿੰਘ ਪੁੱਤਰ ਮੱਘਰ ਸਿੰਘ, ਵਾਸੀ ਬਾਦਸ਼ਾਹਪੁਰ ਦੇ ਨਾਮ ਪਰ ਖੇਵਟ ਪਿੰਡ ਬਾਦਸ਼ਾਹਪੁਰ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰ: ਏ.ਐਨ.534/ਏ.ਪੀ.(15.00 ਪਾਵਰ ਹਾਰਸ) ਨੂੰ ਜਤਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਰਣੀਕੇ, ਜਿਲਾਂ ਸੰਗਰੂਰ ਨੇ ਖੇਵਟ ਪਿੰਡ ਬਾਦਸ਼ਾਹਪੁਰ ਚੱਲਦੇ ਮੋਟਰ ਕੁਨੈਕਸ਼ਨ ਨੂੰ ਆਪਣੇ ਨਾਮ ਤਬਦੀਲ ਕਰਵਾਉਣ ਲਈ ਅਪਲਾਈ ਕੀਤਾ ਹੈ, ਇਤਰਾਜੀ 15 ਦਿਨਾਂ ਅੰਦਰ ਐਸ.ਡੀ.ਓ. ਪਾਵਰਕਾਮ, ਉਪ ਮੰਡਲ ਦਿਹਾਤੀ ਧੂਰੀ ਦੇ ਇਤਰਾਜ਼ ਪੇਸ਼ ਕਰੇ ।

ਮੈਂ, ਲਖਵਿੰਦਰ ਸਿੰਘ ਜੱਬਲ ਪੁੱਤਰ ਤਰਲੋਚਨ ਸਿੰਘ ਵਾਸੀ 13628, Ottoman Street, Arleta, Ca 91331 USA (ਹਾਲ ਵਾਸੀ 50-ਏ, ਐੱਲ 4/170 ਕੋਟ ਸਾਲਿਗ ਰਾਮ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ) ਸੂਚਿਤ ਕਰਦਾ ਹਾਂ ਕਿ ਮੇਰਾ ਭਰਾ ਸੁਖਮਨਪ੍ਰੀਤ ਸਿੰਘ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੈ। ਮੇਰਾ ਭਰਾ, ਉਸ ਦੀ ਪਤਨੀ ਅਤੇ ਉਸ ਦੇ ਬੱਚੇ ਕਿਸੇ ਨਾਲ ਕੋਈ ਲੈਣ-ਦੇਣ, ਲੜਾਈ-ਝਗੜਾ ਅਤੇ ਸਰਕਾਰੀ ਜਾਂ ਗੈਰ-ਸਰਕਾਰੀ ਕੋਈ ਵੀ ਕੰਮ ਕਰਦੇ ਹਨ ਤਾਂ ਉਸ ਦੇ ਉਹ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਸੰਬੰਧ/ਤਲਕ ਵਾਸਤਾ ਨਹੀਂ। (ਕਮਲੇਸ਼)

ਤਸਦੀਕ ਕੀਤਾ ਜਾਂਦਾ ਹੈ ਕਿ ਏ ਪੀ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. ਏ ਪੀ 23/848 ਜੋ ਕਿ ਰਾਜਵਿੰਦਰ ਸਿੰਘ ਪੁੱਤਰ ਨਰਿੰਜਣ ਸਿੰਘ ਦੇ ਨਾਂਅ 'ਤੇ ਪਿੰਡ ਮੱਤੇਵਾਲ ਵਿਖੇ ਚੱਲ ਰਿਹਾ ਹੈ, ਹੁਣ ਇਹ ਚੱਜ ਆਫ ਨਾਂਅ ਹੋ ਕੇ ਸੁਖਜਿੰਦਰ ਸਿੰਘ ਪੁੱਤਰ ਹਰਭਜਨ ਸਿੰਘ ਪਿੰਡ ਪੰਨਵਾ ਦੇ ਨਾਂਅ ਹੋਣ ਲੱਗਾ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਉਪ ਮੰਡਲ ਫਤਿਹਪੁਰ ਵਿਖੇ ਸੰਪਰਕ ਕਰੇ। (ਕਮਲੇਸ਼)

ਇੱਕ ਟਿਊਬਵੈੱਲ ਕੁਨੈਕਸ਼ਨ ਜਿਸ ਦਾ ਖਾਤਾ ਨੰਬਰ ਸੀ3-584, 3 ਐੱਚ ਪੀ, ਜੋ ਮਹਿੰਦਰ ਸਿੰਘ ਪੁੱਤਰ ਉਜਾਗਰ ਸਿੰਘ ਵਾਸੀ ਪਿੰਡ ਰੱਤੋਵਾਲ, ਡਾਕਖਾਨਾ ਬੰਬਰੀ ਨੰਗਲ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ ਦੇ ਨਾਂਅ 'ਤੇ ਚੱਲ ਰਿਹਾ ਹੈ, ਹੁਣ ਇਹ ਕੁਨੈਕਸ਼ਨ ਹਰਜੀਤ ਕੌਰ ਪਤਨੀ ਗੁਰਿੰਦਰਪਾਲ ਸਿੰਘ ਵਾਸੀ ਪਿੰਡ ਮਾਨੇਪੁਰ, ਡਾਕਖਾਨਾ ਬੰਬਰੀ ਨੰਗਲ, ਜ਼ਿਲ੍ਹਾ ਗੁਰਦਾਸਪੁਰ ਦੇ ਨਾਂਅ 'ਤੇ ਬਦਲੀ ਕਰਨਾ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਦਫਤਰ ਪੀ ਐੱਸ ਪੀ ਸੀ ਐੱਲ ਸਬ-ਡਵੀਜ਼ਨ ਤਿੱਬੜ ਵਿਖੇ ਇਤਰਾਜ਼ ਪੇਸ਼ ਕਰ ਸਕਦਾ ਹੈ। (ਭੋਗਰਾ)

ਬੇਦਖਲੀ ਨੋਟਿਸ

ਮੈਂ, ਸਰਬਜੀਤ ਕੌਰ ਪਤਨੀ ਅਮਰੀਕ ਸਿੰਘ ਵਾਸੀ ਪਿੰਡ ਐਬੁੱਲਖੇਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਲਵਪ੍ਰੀਤ ਸਿੰਘ ਜੋ ਮੇਰੇ ਕਹਿਣੇ ਤੋਂ ਬਾਹਰ ਹ

15-JULY-PAGE-7.qxd 7/14/2023 10:02 PM Page 1

ਦਿਨ-ਦਿਹਾੜੇ ਹੋ ਰਹੀਆਂ ਚੋਰੀਆਂ ਕਾਰਨ ਲੋਕਾਂ 'ਚ ਦਹਿਸ਼ਤ

■ ਪ੍ਰਸ਼ਾਸਨ ਦੀ ਸੁਸਤੀ ਤੋਂ ਲੋਕ ਦੁਖੀ

ਤਲਵੰਡੀ ਸਾਬੋ (ਜਗਦੀਪ ਗਿੱਲ)-ਬੀਤੇ ਦੋ ਹਫ਼ਤਿਆਂ ਤੋਂ ਸ਼ਹਿਰ ਅੰਦਰ ਜਿੱਥੇ ਤਕਰੀਬਨ ਹਰ ਰਾਤ ਚੋਰੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ, ਉੱਥੇ ਹੁਣ ਦਿਨ ਦਿਹਾੜੇ ਚੋਰਾਂ ਵੱਲੋਂ ਆਪਣੇ ਕੰਮ ਨੂੰ ਬੇਖੌਫ ਅੰਜਾਮ ਦਿੱਤਾ ਜਾ ਰਿਹਾ ਹੈ ਤੇ ਪੁਲਸ ਵੱਲੋਂ ਕੀਤੀ ਜਾ ਰਹੀ ਢਿੱਲ ਮੱਠ ਵਾਲੀ ਕਾਰਵਾਈ ਕਾਰਨ ਚੋਰਾਂ ਦੇ ਹੌਸਲੇ ਬੁਲੰਦ ਹੋ ਹੋ ਰਹੇ ਹਨ। ਪਿਛਲੇ ਹਫ਼ਤੇ ਦਿਨ ਸਮੇਂ ਇੱਕ ਘਰ ਵਿੱਚ ਚੋਰਾਂ ਵੱਲੋਂ ਲੱਖਾਂ ਰੁਪਏ ਦੇ ਗਹਿਣੇ ਤੇ ਨਗਦੀ ਵਾਲੀ ਚੋਰੀ ਦੀ ਚਰਚਾ ਅਜੇ ਸ਼ਹਿਰ ਵਾਸੀਆਂ ਦੀ ਜ਼ੁਬਾਨ ਤੋਂ ਉੱਤਰੀ ਨਹੀਂ ਸੀ ਕਿ ਅੱਜ ਤਿੱਖੜ ਦੁਪਹਿਰੇ ਚੋਰਾਂ ਵੱਲੋਂ ਸ਼ਹੀਦ ਭਗਤ ਸਿੰਘ ਨਗਰ 'ਚ ਉਸ ਸਮੇਂ ਇੱਕ ਘਰ ਵਿੱਚੋਂ ਲੱਖਾਂ ਰੁਪਏ ਦੇ ਗਹਿਣੇ ਤੇ ਨਗਦੀ 'ਤੇ ਹੱਥ ਸਾਫ਼ ਕਰ ਲਿਆ ਗਿਆ, ਜਦੋਂ ਘਰ ਦਾ ਮਾਲਿਕ ਆਪਣੀ ਦੁਕਾਨ ਗਨਪਤੀ ਟੈਲੀਕਾਮ 'ਤੇ ਸੀ ਤੇ ਉਸ ਦੀ ਪਤਨੀ ਆਪਣੇ ਕੰਪਿਊਟਰ ਸੈਂਟਰ 'ਤੇ ਸੀ। ਚੋਰੀ ਦੀ ਘਟਨਾ ਦਾ ਉਸ ਸਮੇਂ ਪਤਾ ਲੱਗਿਆ, ਜਦੋਂ ਉਹ ਤਕਰੀਬਨ ਦੋ ਵਜੇ ਘਰ ਆਏ।

ਪੀੜਤ ਭਗਵਾਨ ਦਾਸ ਗਰਗ ਨੇ ਦੱਸਿਆ ਕਿ ਜਦੋਂ ਉਨ੍ਹਾਂ ਦੀ ਪਤਨੀ ਘਰ ਆਈ ਤਾਂ ਕੋਠੀ ਦੇ ਬਾਹਰਲੇ ਗੇਟ ਨੂੰ ਉਸੇ ਤਰ੍ਹਾਂ ਤਾਲਾ ਲੱਗਿਆ ਹੋਇਆ ਸੀ, ਪਰ ਜਦੋਂ ਉਹ ਤਾਲਾ ਖੋਲ੍ਹ ਕੇ ਅੰਦਰ ਗਈ ਤਾਂ ਅੰਦਰਲੇ ਤਾਲੇ ਟੁੱਟੇ ਹੋਏ ਸਨ ਤੇ ਸਾਰੇ ਕਮਰਿਆਂ 'ਚ ਸਾਮਾਨ ਖਿੱਲਰਿਆ ਪਿਆ ਸੀ ਅਤੇ ਸਾਰੇ ਲੌਕਰ ਤੇ ਅਲਮਾਰੀਆਂ ਟੁੱਟੀਆਂ ਪਈਆਂ ਸਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਤੁਰੰਤ ਪੁਲਸ ਨੂੰ ਸੂਚਿਤ ਕੀਤਾ ਗਿਆ। ਮੌਕੇ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਚੋਰਾਂ ਦੀ ਗਿਣਤੀ ਦੋ ਦੱਸੀ ਜਾ ਰਹੀ ਹੈ ਤੇ ਹੁਣ ਤੱਕ ਲੋਕਾਂ ਵੱਲੋਂ ਸੀ ਸੀ ਟੀ ਵੀ ਫੁਟੇਜ ਖੰਗਾਲੇ ਜਾਣ 'ਤੇ ਇਹ ਪਤਾ ਲੱਗਾ ਹੈ ਕਿ ਦੋ ਚੋਰਾਂ ਵਿੱਚੋਂ ਇੱਕ ਬਾਹਰ ਮੋਟਰਸਾਈਕਲ 'ਤੇ ਗਲੀ ਵਿੱਚ ਬੈਠਾ ਰਿਹਾ, ਜਦੋਂ ਕਿ ਦੂਸਰੇ ਨੇ ਕੰਧ ਟੱਪ ਕੇ ਚੋਰੀ ਦੀ ਘਟਨਾ ਨੂੰ ਅੰਜਾਮ ਦਿੱਤਾ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਮੁੱਢਲੀ ਜਾਣਕਾਰੀ ਪ੍ਰਾਪਤ ਕਰ ਲਈ ਹੈ, ਪ੍ਰੰਤੂ ਪਰਿਵਾਰ ਵੱਲੋਂ ਅਜੇ ਤੱਕ ਚੋਰੀ ਹੋਏ ਸਾਮਾਨ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ, ਕਿਉਂਕਿ ਪੀੜਤਾਂ ਵੱਲੋਂ ਫਾਰੈਂਸਕ ਜਾਂਚ ਦੀ ਮੰਗ ਕੀਤੀ ਗਈ ਹੈ ਅਤੇ ਜਦੋਂ ਤੱਕ ਫਾਰੈਂਸਕ ਜਾਂਚ ਕਰਨ ਵਾਲੀ ਟੀਮ ਆ ਕੇ ਫਿੰਗਰ ਪ੍ਰਿੰਟ ਆਦਿ ਨਹੀਂ ਲੈ ਲੈਂਦੀ, ਉਦੋਂ ਤੱਕ ਕਿਸੇ ਵੀ ਅਲਮਾਰੀ ਜਾਂ ਲੌਕਰ ਆਦਿ ਨੂੰ ਹੱਥ ਨਹੀਂ ਲਾਇਆ ਜਾ ਸਕਦਾ।

ਹੜ੍ਹ ਦੇ ਪਾਣੀ 'ਚ ਰੁੜ੍ਹੇ ਨਬਾਲਗ ਲੜਕੇ ਦੀ ਲਾਸ਼ ਮਿਲੀ

ਮ੍ਰਿਤਕ ਸੁਖਪ੍ਰੀਤ ਸੋਖੀ ਦੀ ਖੇਤਾਂ 'ਚੋਂ ਲਾਸ਼ ਨੂੰ ਬਾਹਰ ਕੱਢਦੇ ਹੋਏ ਲੋਕ।

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਨੇੜਲੇ ਪਿੰਡ ਮਾਣੇਵਾਲ ਵਿਖੇ ਬੁੱਢੇ ਦਰਿਆ ਵਿੱਚ ਆਏ ਹੜ੍ਹ ਦੇ ਪਾਣੀ ਵਿੱਚ ਰੁੜ੍ਹੇ ਨਾਬਾਲਗ ਲੜਕੇ ਸੁਖਪ੍ਰੀਤ ਸੋਖੀ (16) ਦੀ ਲਾਸ਼ ਕੁਝ ਹੀ ਦੂਰੀ 'ਤੇ ਖੇਤਾਂ 'ਚੋਂ ਮਿਲ ਗਈ, ਜਿਸ ਕਾਰਨ ਉਸ ਦਾ ਪਾਲਣ-ਪੋਸ਼ਣ ਕਰਨ ਵਾਲੇ ਬਜ਼ੁਰਗ ਦਾਦਾ-ਦਾਦੀ 'ਤੇ ਦੁੱਖਾਂ ਦਾ ਕਹਿਰ ਟੁੱਟ ਗਿਆ। ਲੰਘੀ 10 ਜੁਲਾਈ ਨੂੰ ਸੁਖਪ੍ਰੀਤ ਮੋਟਰਸਾਈਕਲ 'ਤੇ ਬੁੱਢੇ ਦਰਿਆ ਨੇੜੇ ਓਵਰ ਫਲੋਅ ਹੋ ਕੇ ਸੜਕ ਤੋਂ ਗੁਜ਼ਰ ਰਹੇ ਪਾਣੀ 'ਚੋਂ ਲੰਘ ਰਿਹਾ, ਜਿਸ ਕਾਰਨ ਉਸ ਦਾ ਪੈਰ ਫਿਸਲ ਗਿਆ ਤੇ ਉਹ ਤੇਜ਼ ਪਾਣੀ 'ਚ ਰੁੜ੍ਹ ਗਿਆ। ਬੇਸ਼ੱਕ ਉਸ ਸਮੇਂ ਗੋਤਾਖੋਰਾਂ ਵੱਲੋਂ ਵੀ ਉਸ ਦੀ ਪਾਣੀ 'ਚ ਤਲਾਸ਼ ਕੀਤੀ ਗਈ, ਪਰ ਕੁਝ ਪਤਾ ਨਾ ਲੱਗਿਆ। ਬੁੱਧਵਾਰ ਪਿੰਡ ਦੇ ਸਰਪੰਚ ਗੁਰਪ੍ਰੀਤ ਸਿੰਘ ਗੋਪੀ ਨੇ ਦੱਸਿਆ ਕਿ ਅੱਜ ਜਦੋਂ ਖੇਤਾਂ 'ਚ ਪਾਣੀ ਦਾ ਪੱਧਰ ਘਟਿਆ ਤਾਂ ਇੱਕ ਵਿਅਕਤੀ ਨੇ ਇਸ ਲੜਕੇ ਦੀ ਲਾਸ਼ ਨੂੰ ਦੇਖਿਆ, ਜਿਸ 'ਤੇ ਤੁਰੰਤ ਉਸ ਨੂੰ ਬਾਹਰ ਕੱਢਿਆ ਗਿਆ। ਸੂਚਨਾ ਮਿਲਦੇ ਹੀ ਪੁਲਸ ਵੀ ਮੌਕੇ 'ਤੇ ਪਹੁੰਚ ਗਈ, ਜਿਨ੍ਹਾਂ ਲਾਸ਼ ਕਬਜ਼ੇ 'ਚ ਕਰ ਪੋਸਟ ਮਾਰਟਮ ਲਈ ਭਿਜਵਾ ਦਿੱਤਾ ਗਿਆ। ਮ੍ਰਿਤਕ ਦੇ ਦਾਦਾ ਚਰਨ ਦਾਸ ਨੇ ਦੱਸਿਆ ਕਿ ਉਸ ਦੇ ਪੋਤੇ ਸੁਖਪ੍ਰੀਤ ਸੋਖੀ ਦੇ ਪਿਤਾ ਤੇ ਉਸ ਦੇ ਪੁੱਤਰ ਦੀ 4 ਮਹੀਨੇ ਪਹਿਲਾਂ ਮੌਤ ਹੋ ਚੁੱਕੀ ਹੈ ਤੇ ਉਹ ਅਜੇ ਇਸ ਗਮ 'ਚੋਂ ਉੱਭਰੇ ਨਹੀਂ ਸਨ ਕਿ ਹੁਣ ਉਨ੍ਹਾਂ ਦਾ ਆਖਰੀ ਸਹਾਰਾ ਵੀ ਵਿੱਛੜ ਗਿਆ।

ਸਕੂਲ 'ਚ ਖਾਲੀ ਅਸਾਮੀਆਂ ਨੂੰ ਲੈ ਕੇ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਸਰਕਾਰੀ ਐਲੀਮੈਂਟਰੀ ਸਕੂਲ ਲੋਹਗੜ੍ਹ (ਬਰਨਾਲਾ) ਦੀ ਤਰਸਯੋਗ ਹਾਲਤ ਦੇ ਸੁਧਾਰ ਤੇ ਖਾਲੀ ਆਸਾਮੀਆਂ ਨੂੰ ਪੂਰਾ ਕਰਵਾਉਣ ਲਈ ਪਿੰਡ ਵਾਸੀਆਂ, ਵਿਦਿਆਰਥੀਆਂ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਨੌਜਵਾਨ ਆਗੂ ਹਰਜੀਤ ਸਿੰਘ ਖਿਆਲੀ ਨੇ ਕਿਹਾ ਕਿ ਇਸ ਸਰਕਾਰੀ ਸੰਸਥਾ 'ਚ ਸਿਰਫ ਪੱਛੜੇ ਵਰਗ ਦੇ ਬੱਚੇ ਹੀ ਪੜ੍ਹਾਈ ਕਰਦੇ ਹਨ, ਜਿੱਥੇ ਜ਼ਰੂਰੀ ਵਿਸ਼ਿਆਂ ਹਿਸਾਬ, ਅੰਗਰੇਜ਼ੀ, ਸਾਇੰਸ, ਸਮਾਜਿਕ ਸਿੱਖਿਆ ਨਾਲ ਸੰਬੰਧਤ ਅਧਿਆਪਕਾਂ ਦੀਆਂ ਅਸਾਮੀਆਂ ਪਿਛਲੇ ਸਮੇਂ ਤੋਂ ਖਾਲੀ ਹਨ, ਉਥੇ ਖੇਡਣ ਲਈ ਪ੍ਰੇਰਿਤ ਕਰਨ ਵਾਲੇ ਡੀ ਪੀ ਈ ਅਧਿਆਪਕ ਤੇ ਖੇਡ ਗਰਾਊਂਡ ਵੀ ਨਹੀਂ ਹੈ। ਉਨ੍ਹਾ ਕਿਹਾ ਕਿ ਆਪ ਸਰਕਾਰ ਵੱਲੋਂ ਬਦਲਾਅ ਦਾ ਨਾਅਰਾ ਦੇ ਕੇ ਸੱਤਾ 'ਚ ਆਉਣ ਉਪਰੰਤ ਲੋਕਾਂ ਦੀਆਂ ਮੁੱਢਲੀਆਂ ਸਹੂਲਤਾਂ ਬਾਰੇ ਭੋਰਾ ਵੀ ਧਿਆਨ ਨਹੀਂ ਦਿੱਤਾ ਗਿਆ, ਜਿਵੇਂ ਸਿਹਤ ਸਹੂਲਤਾਂ, ਸਿੱਖਿਆ, ਰੁਜ਼ਗਾਰ ਦਾ ਪ੍ਰਬੰਧ ਪਹਿਲ ਦੇ ਆਧਾਰ 'ਤੇ ਕਰਨ ਤੇ ਵਾਅਦੇ ਕੀਤੇ ਗਏ, ਪਰ ਅਸਲੀਅਤ 'ਚ ਕੁਝ ਹੋਰ ਹੀ ਹੈ। ਨੌਜਵਾਨ ਆਗੂ ਨੇ ਸਮੂਹ ਲੋਕਾਂ ਨੂੰ ਲਾਮਬੰਦੀ ਮਜ਼ਬੂਤ ਬਣਾ ਕੇ ਆਪਣੇ ਹੱਕ ਮੰਗਣ ਦੀ ਪ੍ਰਾਪਤੀ ਲਈ ਸੰਘਰਸ਼ਾਂ 'ਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ। ਇਸ ਮੌਕੇ ਦਲਵੀਰ ਸਿੰਘ, ਜਗਸੀਰ ਸਿੰਘ, ਬੰਤ ਸਿੰਘ ਦਿਹੜ, ਸੋਹਣ ਸਿੰਘ, ਡਾ: ਜੱਸਾ ਸਿੰਘ, ਰਾਜਵਿੰਦਰ ਕੌਰ, ਦਲਜੀਤ ਕੌਰ, ਗੁਰਪ੍ਰੀਤ ਕੌਰ ਨੇ ਕਿਹਾ ਕਿ ਜੇਕਰ ਖਾਲੀ ਅਸਾਮੀਆਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਨਾ ਕੀਤਾ ਗਿਆ, ਤਾਂ ਪਿੰਡ ਵਾਸੀਆਂ ਵੱਲੋਂ ਸਕੂਲ ਨੂੰ ਜ਼ਿੰਦਾ ਲਾ ਕੇ ਅਣਮਿੱਥੇ ਸਮੇਂ ਲਈ ਸਰਕਾਰ ਖਿਲਾਫ ਧਰਨਾ ਦਿੱਤਾ ਜਾਵੇਗਾ। ਇਸ ਮੌਕੇ ਰਮਨਦੀਪ ਕੌਰ, ਮਨਜੀਤ ਕੌਰ, ਭੋਲਾ ਸਿੰਘ, ਡਾ: ਬਲਦੇਵ ਸਿੰਘ, ਜਸਵੀਰ ਸਿੰਘ ਜੱਸਾ, ਮੇਵਾ ਸਿੰਘ, ਜਗਰੂਪ ਸਿੰਘ, ਹਾਕਮ ਸਿੰਘ, ਹਰਪਾਲ ਸਿੰਘ, ਗੁਰਵਿੰਦਰ ਸਿੰਘ ਰਿਕੂ, ਕਰਮਜੀਤ ਸਿੰਘ ਕਰਮੂ, ਸੁਖਚੈਨ ਸਿੰਘ ਚੈਨਾ, ਪਵਨਦੀਪ ਸਿੰਘ, ਅਵਤਾਰ ਸਿੰਘ, ਕੁਲਵਿੰਦਰ ਸਿੰਘ ਦਿਹੜ, ਕੁਲਵਿੰਦਰ ਕੌਰ ਆਦਿ ਪਿੰਡ ਵਾਸੀ, ਵਿਦਿਆਰਥੀ ਹਾਜ਼ਰ ਸਨ।

ਕਾਤਰਾਂ

ਡਰੱਗ ਇੰਸਪੈਕਟਰ ਹਰੀਤਾ ਬਾਂਸਲ ਨੇ ਸੰਭਾਲਿਆ ਚਾਰਜ

ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ)-ਡਰੱਗ ਇੰਸਪੈਕਟਰ ਹਰੀਤਾ ਬਾਂਸਲ ਵੱਲੋਂ ਅੱਜ ਆਪਣੇ ਦਫਤਰ ਵਿਖੇ ਮੁਕਤਸਰ-1 ਦਾ ਚਾਰਜ ਸੰਭਾਲ ਲਿਆ ਹੈ। ਚਾਰਜ ਸੰਭਾਲਣ ਤੋਂ ਬਾਅਦ ਡਰੱਗ ਇੰਸਪੈਕਟਰ ਹਰੀਤਾ ਬਾਂਸਲ ਨੇ ਮੈਡੀਕਲ ਸੰਚਾਲਕਾਂ ਨੂੰ ਜਿੱਥੇ ਦੁਕਾਨਾਂ ਦੀ ਸੇਲ ਪ੍ਰਚੇਜ ਦਾ ਪੂਰਾ ਰਿਕਾਰਡ ਰੱਖਣ ਦੀਆਂ ਹਦਾਇਤਾਂ ਦਿੱਤੀਆਂ, ਉਥੇ ਹੀ ਸਖਤ ਹਦਾਇਤ ਵੀ ਦਿੱਤੀ ਕਿ ਮਿਸ ਯੂਜ਼ ਹੋਣ ਵਾਲੀਆਂ ਦਵਾਈਆਂ ਰੱਖਣ ਤੇ ਵੇਚਣ ਤੋਂ ਗੁਰੇਜ ਕੀਤਾ ਜਾਏ। ਇਸ ਦੀ ਕੋਈ ਵੀ ਦਵਾਈ ਡਾਕਟਰ ਦੀ ਪਰਚੀ ਤੋਂ ਬਿਨਾਂ ਨਹੀਂ ਵੇਚੀ ਜਾਣੀ ਚਾਹੀਦੀ, ਜੇਕਰ ਕੋਈ ਅਜਿਹਾ ਕਰਦਾ ਫੜਿਆ ਗਿਆ ਤਾਂ ਬਣਦੀ ਵਿਭਾਗੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾ ਮੈਡੀਕਲ ਸੰਚਾਲਕਾਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਸਕਲ ਹੋਣ 'ਤੇ ਬੇਝਿਜਕ ਉਨ੍ਹਾਂ ਨੂੰ ਮਿਲਣ ਲਈ ਕਿਹਾ।

ਜ਼ਿਲ੍ਹਾ ਜੇਲ੍ਹ ਨੇੜੇ ਡਰੋਨ ਉਡਾਉਣ 'ਤੇ ਪਾਬੰਦੀ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਜ਼ਿਲ੍ਹੇ ਦੀ ਮੌਜੂਦਾ ਸਥਿਤੀ ਤੇ ਮਾਮਲੇ ਦੇ ਤੱਤਪਰਤਾ ਨੂੰ ਮੁੱਖ ਰੱਖਦੇ ਹੋਏ ਡਾ. ਰੂਹੀ ਦੁੱਗ ਜ਼ਿਲ੍ਹਾ ਮੈਜਿਸਟਰੇਟ ਸ੍ਰੀ ਮੁਕਤਸਰ ਸਾਹਿਬ ਨੇ ਫੌਜਦਾਰੀ ਜਾਬਤਾ ਸੰਘਤਾ 1973 ਦੀ ਧਾਰਾ 144 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਜੇਲ੍ਹ, ਸ੍ਰੀ ਮੁਕਤਸਰ ਸਾਹਿਬ ਦੇ 500 ਮੀਟਰ ਦੇ ਘੇਰੇ ਅੰਦਰ ਨੋ ਡਰੋਨ ਜ਼ੋਨ ਘੋਸ਼ਿਤ ਕਰਕੇ ਡਰੋਨ ਉਡਾਉਣ 'ਤੇ ਪੂਰਨ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ 12 ਸਤੰਬਰ 2023 ਤੱਕ ਲਾਗੂ ਰਹਿਣਗੇ ਤੇ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖਤ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

ਟ੍ਰੈਫਿਕ ਨਿਯਮ ਤੋੜਨ ਵਾਲਿਆਂ ਦੇ ਕੱਟੇ ਚਲਾਨ

ਧੂਰੀ (ਸੁਖਦੇਵ ਧੂਰੀ)-ਥਾਣਾ ਸਿਟੀ ਧੂਰੀ ਦੇ ਮੁਖੀ ਰਮਨਜੀਤ ਸਿੰਘ ਬਾਵਾ ਨੇ ਸ਼ਹਿਰ 'ਚ ਟ੍ਰੈਫਿਕ ਨਿਯਮਾਂ ਨੂੰ ਸੁਚਾਰੂ ਕਰਨ ਦਾ ਬੀੜਾ ਚੁੱਕ ਲਿਆ ਹੈ। ਇਸ ਸੰਬੰਧੀ ਪੀ ਸੀ ਆਰ ਦੇ ਮਿੱਠੂ ਸਿੰਘ ਏ ਐੱਸ ਆਈ, ਜੋਗਿੰਦਰ ਸਿੰਘ ਏ ਐੱਸ ਆਈ ਤੇ ਨਰੇਸ਼ ਕੁਮਾਰ ਨੇ ਨਾਕਾਬੰਦੀ ਕਰਕੇ ਸ਼ਹਿਰ 'ਚ ਟ੍ਰੈਫਿਕ ਨਿਯਮਾਂ ਨੂੰ ਤੋੜਨ ਵਾਲੇ ਮਨਚਲਿਆਂ ਨੂੰ ਸਖਤ ਤਾੜਨਾ ਕੀਤੀ। ਇਸ ਮੌਕੇ ਜਿਨ੍ਹਾਂ ਦੇ ਕਾਗਜ਼ ਪੱਤਰਾਂ 'ਚ ਘਾਟ ਪਾਈ ਗਈ, ਉਨ੍ਹਾਂ ਦੇ ਮੌਕੇ 'ਤੇ ਚਲਾਨ ਕੱਟੇ ਗਏ ਤੇ ਕਈਆਂ ਦੇ ਮੋਟਰਸਾਈਕਲ ਥਾਣੇ ਬੰਦ ਕੀਤੇ ਗਏ। ਉਨ੍ਹਾਂ ਬੁਲਟ 'ਤੇ ਪਟਾਕੇ ਪਾਉਣ ਵਾਲਿਆਂ ਨੂੰ ਖਬਰਦਾਰ ਕਰਦੇ ਹੋਏ ਕਿਹਾ ਕਿ ਲੋਕਾਂ ਨੂੰ ਪ੍ਰੇਸ਼ਾਨ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ।

ਯੂਨੀਅਨ ਆਗੂ 'ਤੇ ਹਮਲੇ ਦੀ ਨਿੰਦਾ

ਮੁੱਲਾਂਪੁਰ ਦਾਖਾ (ਪੱਤਰ ਪ੍ਰੇਰਕ)-ਪੰਜਾਬ ਪੈਨਸ਼ਨਰ ਯੂਨੀਅਨ ਦੇ ਸੂਬਾ ਪ੍ਰਧਾਨ ਗੁਰਮੇਲ ਸਿੰਘ ਮੈਲਡੇ, ਸੀਨੀਅਰ ਵਾਈਸ ਪ੍ਰਧਾਨ ਜਗਤਾਰ ਸਿੰਘ ਭੁੰਗਰਨੀ, ਡਿਪਟੀ ਜਨਰਲ ਸਕੱਤਰ ਸਤਿਆਪਾਲ ਗੁਪਤਾ, ਦਰਸ਼ਨ ਸਿੰਘ ਥਰੀਕੇ ਤੇ ਅਵਤਾਰ ਸਿੰਘ ਤਾਰੀ ਨੇ ਪ੍ਰੈੱਸ ਨੂੰ ਬਿਆਨ ਦਿੰਦੇ ਹੋਏ ਕਿਹਾ ਕਿ ਪ.ਸ.ਸ.ਫ. 1680-22 ਬੀ ਚੰਡੀਗੜ੍ਹ ਤੇ ਗੌਰਮਿੰਟ ਸਕੂਲ ਟੀਚਰ ਯੂਨੀਅਨ ਦੇ ਸੂਬਾਈ ਆਗੂ ਪ੍ਰੇਮ ਚਾਵਲਾ ਤੇ ਉਸ ਦੇ ਪੁੱਤਰ 'ਤੇ ਚੰਡੀਗੜ੍ਹ ਹਸਪਤਾਲ ਕੋਟਕਪੂਰਾ ਦੇ ਕਰਮਚਾਰੀਆਂ ਵੱਲੋਂ ਕੀਤੇ ਗਏ ਹਮਲੇ ਦੀ ਸਖਤ ਸ਼ਬਦਾਂ 'ਚ ਨਿੰਦਾ ਕਰਦੇ ਹੋਏ ਜ਼ਿਲ੍ਹਾ ਪ੍ਰਸ਼ਾਸਨ ਫਰੀਦਕੋਟ ਤੋਂ ਮੰਗ ਕੀਤੀ ਕਿ ਹਮਲਾ ਕਰਨ ਵਾਲੇ ਕਰਮਚਾਰੀਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਪੰਥਕ ਦਰਦੀਆਂ ਦੀ ਮੀਟਿੰਗ 23 ਨੂੰ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)-20ਵੀਂ ਸਦੀ ਦੇ ਮਹਾਨ ਜਰਨੈਲ ਸੰਤ ਗਿਆਨੀ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਵੱਲੋਂ ਸੁੱਤੀ ਹੋਈ ਜਮੀਰ ਨੂੰ ਜਗਾਉਣ ਤੇ ਸੱਚੀ-ਸੁੱਚੀ ਮਾਨਵਤਾਵਾਦੀ ਸੋਚ 'ਤੇ ਪਹਿਰਾ ਦੇ ਕੇ ਪੰਥ, ਪੰਜਾਬ, ਪਾਣੀ, ਪੰਜਾਬੀ, ਪੜ੍ਹਾਈ ਤੇ ਪੁੱਤ ਨੂੰ ਬਚਾਉਣ ਲਈ ਤੱਤਪਰ ਤੇ ਸਿੱਖ ਕੌਮ ਨੂੰ ਗੁਲਾਮੀ ਵਿੱਚੋਂ ਕੱਢਣ ਵਾਸਤੇ ਜੂਝਣ ਵਾਲੇ, ਉਨ੍ਹਾਂ ਦੇ ਆਖਰੀ ਬਚਨਾਂ 'ਤੇ ਪਹਿਰਾ ਦੇ ਕੇ ਪੰਥ ਤੇ ਪੰਜਾਬ ਦਰਦੀਆਂ ਦੀ ਗੰਭੀਰ ਵਿਚਾਰ ਵਟਾਂਦਰਾ ਕਰਨ ਲਈ ਇਕ ਜ਼ਰੂਰੀ ਮੀਟਿੰਗ 23 ਜੁਲਾਈ 2023 ਨੂੰ 12 ਵਜੇ 'ਪੰਜਾਬੀ ਭਵਨ ਲੁਧਿਆਣਾ' ਵਿਖੇ ਰੱਖੀ ਗਈ ਹੈ। ਇਹ ਮੀਟਿੰਗ ਉਨ੍ਹਾਂ ਆਗੂਆਂ ਦੀ ਹੋਵੇਗੀ, ਜਿਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਿੱਚੋਂ ਬਾਹਰ ਨਿਕਲਣ ਲਈ ਮਜਬੂਰ ਕੀਤਾ।

ਰੋਟਰੀ ਕਲੱਬ ਰਾਇਲ ਵੱਲੋਂ ਹੜ੍ਹ ਪੀੜਤਾਂ ਲਈ ਰਾਸ਼ਨ ਤੇ ਮੈਡੀਕਲ ਸਹਾਇਤਾ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਸਮਾਜ ਸੇਵੀ ਸੰਸਥਾ ਰੋਟਰੀ ਕਲੱਬ ਪਾਤੜਾਂ ਰਾਇਲ ਵੱਲੋਂ ਹੜ੍ਹ ਪੀੜਤ ਇਲਾਕੇ ਵਿੱਚ ਸੁੱਕਾ ਰਾਸ਼ਨ, ਪਾਣੀ ਦੀ ਬੋਤਲਾਂ, ਬਿਸਕੁੱਟ, ਬਰੈੱਡ, ਨਮਕੀਨ ਤੇ ਦੁੱਧ ਦੇ ਪੈਕਟ ਲੋੜਵੰਦਾਂ ਤੱਕ ਭੇਜੇ ਜਾਣ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਕਲੱਬ ਦੇ ਮੈਂਬਰ ਇਸ ਦੌਰਾਨ ਡਾਕਟਰਾਂ ਦੀ ਟੀਮ ਵੀ ਨਾਲ ਲੈ ਕੇ ਚੱਲ ਰਹੇ ਹਨ, ਜੋ ਫੌਜੀ ਤੇ ਐੱਨ ਡੀ ਆਰ ਐੱਫ ਜਵਾਨਾਂ ਦੀ ਮਦਦ ਨਾਲ ਜੋਗੇਵਾਲ, ਸ਼ੁਤਰਾਨਾ, ਸਧਾਰਨਪੁਰ, ਬਾਦਸ਼ਾਹਪੁਰ ਤੇ ਹੋਰ ਨਾਲ ਲੱਗਦੇ ਡੇਰਿਆਂ ਵਿੱਚ ਸਾਮਾਨ ਪਹੁੰਚਾਉਣ 'ਚ ਲੱਗੇ ਹੋਏ ਹਨ। ਇਸ ਦੌਰਾਨ ਕਲੱਬ ਦੇ ਪ੍ਰਧਾਨ ਅਮਨਦੀਪ ਸਿੰਘ ਨੇ ਹੋਰ ਸਮਾਜ ਸੇਵੀ ਸੰਸਥਾਵਾਂ ਨੂੰ ਇਸ ਹਾਲਤਾਂ ਵਿੱਚ ਵੱਧ ਚੜ੍ਹ ਕੇ ਅੱਗੇ ਆਉਣ ਦੀ ਅਪੀਲ ਕੀਤੀ ਹੈ। ਇਸ ਸਮੇਂ ਸੈਕਟਰੀ ਹਰਮੇਸ਼ ਮੇਸ਼ੀ, ਕੈਸ਼ੀਅਰ ਸੰਦੀਪ ਗੁਪਤਾ, ਅਸ਼ੋਕ ਗਰਗ, ਕਪਿਲ ਕੌਸ਼ਲ, ਕੁਨਲ ਗੋਇਲ, ਪਵਨ ਗੋਇਲ, ਰ

15-July-PAGE- 8 qxd.qxd 7/14/2023 10:08 PM Page 1

ਕਿਸਾਨ ਆਗੂ ਬਲਕਾਰ ਸਿੰਘ ਡਕੌਂਦਾ ਦੀ ਬਰਸੀ ਮੌਕੇ ਸੂਬੇ ਭਰ 'ਚ ਸ਼ਰਧਾਂਜਲੀ ਸਮਾਗਮ

ਚੰਡੀਗੜ੍ਹ ਨ: (ਨਵਾਂ ਜ਼ਮਾਨਾ ਸਰਵਿਸ)- ਭਾਰਤੀ ਕਿਸਾਨ ਯੂਨੀਅਨ-ਏਕਤਾ (ਡਕੌਂਦਾ) ਵੱਲੋਂ ਜਥੇਬੰਦੀ ਦੇ ਬਾਨੀ ਪ੍ਰਧਾਨ ਬਲਕਾਰ ਸਿੰਘ ਡਕੌਂਦਾ ਦੀ 13ਵੀਂ ਬਰਸੀ ਮੌਕੇ ਸੂਬੇ ਦੇ 13 ਜ਼ਿਲ੍ਹਿਆਂ 'ਚ ਸ਼ਰਧਾਂਜਲੀ ਸਮਾਗਮ ਕੀਤੇ ਗਏ। ਜ਼ਿਲ੍ਹਾ ਸੰਗਰੂਰ ਵਿੱਚ ਮਸਤੂਆਣਾ ਸਾਹਿਬ, ਜ਼ਿਲ੍ਹਾ ਮਾਨਸਾ ਵਿੱਚ ਬੁਢਲਾਡਾ, ਜ਼ਿਲ੍ਹਾ ਲੁਧਿਆਣਾ ਵਿੱਚ ਪਿੰਡ ਦੇਹੜਕਾ, ਜ਼ਿਲ੍ਹਾ ਬਠਿੰਡਾ ਵਿੱਚ ਭੁੱਚੋ ਮੰਡੀ, ਫਰੀਦਕੋਟ ਦੇ ਪਿੰਡ ਸਮਾਲਸਰ ਵਿਖੇ, ਮਲੇਰਕੋਟਲਾ, ਫਾਜ਼ਿਲਕਾ, ਫਰੀਦਕੋਟ, ਬਰਨਾਲਾ, ਫਿਰੋਜ਼ਪੁਰ, ਕਪੂਰਥਲਾ, ਮੋਗਾ ਅਤੇ ਸ਼੍ਰੀ ਮੁਕਤਸਰ ਸਾਹਿਬ ਸਮੇਤ ਦਰਜ਼ਨਾਂ ਥਾਵਾਂ 'ਤੇ ਹੋਏ ਸ਼ਰਧਾਂਜਲੀ ਸਮਾਗਮਾਂ ਦੌਰਾਨ ਸੰਬੋਧਨ ਕਰਦਿਆਂ ਜਥੇਬੰਦੀ ਦੇ ਪ੍ਰਧਾਨ ਮਨਜੀਤ ਸਿੰਘ ਧਨੇਰ, ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ, ਮੀਤ ਪ੍ਰਧਾਨ ਹਰੀਸ਼ ਨੱਢਾ, ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ, ਖਜ਼ਾਨਚੀ ਬਲਵੰਤ ਸਿੰਘ ਉੱਪਲੀ, ਸੂਬਾ ਕਮੇਟੀ ਮੈਂਬਰ ਕੁਲਵੰਤ ਸਿੰਘ ਕਿਸ਼ਨਗੜ੍ਹ, ਮਹਿੰਦਰ ਸਿੰਘ ਦਿਆਲਪੁਰਾ, ਮੱਖਣ ਸਿੰਘ ਭੈਣੀ ਬਾਘਾ ਅਤੇ ਅੰਮ੍ਰਿਤਪਾਲ ਕੌਰ ਅਤੇ ਜ਼ਿਲ੍ਹਿਆਂ ਦੇ ਆਗੂਆਂ ਨੇ ਕਿਹਾ ਕਿ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ 'ਚ ਏਕਤਾ ਸਥਾਪਤ ਕਰਨ ਲਈ ਪਹਿਲਕਦਮੀ ਕਰਨ ਵਾਲੇ ਬਲਕਾਰ ਸਿੰਘ ਡਕੌਂਦਾ ਨੇ 2007 'ਚ ਜਥੇਬੰਦੀ ਦੀ ਸਥਾਪਨਾ ਵੇਲ਼ੇ ਵਡੇਰੀ ਜਿੰਮੇਵਾਰੀ ਸੰਭਾਲੀ। ਬਲਕਾਰ ਸਿੰਘ ਡਕੌਂਦਾ 1991 'ਚ ਦੇਸ਼ ਵਿੱਚ ਲਾਗੂ ਕੀਤੀਆਂ ਵਿਸ਼ਵੀਕਰਨ, ਨਿੱਜੀਕਰਨ ਅਤੇ ਉਦਾਰੀਕਰਨ ਦੀਆਂ ਨੀਤੀਆਂ ਤੋਂ ਚਿੰਤਤ ਸਨ। ਉਹਨਾਂ ਨੇ ਆਪਣੀ ਜਵਾਨੀ ਪਹਿਰੇ ਨੌਜਵਾਨਾਂ ਨੂੰ ਚੇਤੰਨ ਕਰਦਿਆਂ ਜ਼ਿੰਦਗੀ ਦੇ ਨਵੇਂ ਰਸਤੇ ਤਲਾਸ਼ਣ ਦੀ ਜਾਗ ਲਾਈ ਤੇ ਆਪਣੀ ਜ਼ਿੰਦਗੀ ਦੇ ਅਹਿਮ 25 ਸਾਲ ਕਿਸਾਨ ਲਹਿਰ ਦੇ ਲੇਖ਼ੇ ਲਾਉਂਦਿਆਂ ਸਾਂਝੇ ਸੰਘਰਸ਼ਾਂ ਦਾ ਝੰਡਾ ਬੁਲੰਦ ਕੀਤਾ। ਉਹਨਾਂ ਵੱਲੋਂ ਦਿੱਤੀ ਸੇਧ 'ਤੇ ਚੱਲਦਿਆਂ ਹੀ ਬੀਕੇਯੂ (ਡਕੌਂਦਾ) ਸਾਂਝੇ ਸੰਘਰਸ਼ਾਂ ਦੀ ਮੂਹਰੈਲ ਜਥੇਬੰਦੀ ਵਜੋਂ ਉੱਭਰੀ ਹੈ। ਭਾਵੇਂ ਉਹ ਆਪਣੀ ਧਰਮਪਤਨੀ ਸਮੇਤ ਇਕ ਦਰਦਨਾਕ ਸੜਕ ਹਾਦਸੇ ਵਿੱਚ 13 ਜੁਲਾਈ 2010 ਨੂੰ ਸਾਨੂੰ ਸਰੀਰਕ ਤੌਰ 'ਤੇ ਸਦੀਵੀ ਵਿਛੋੜਾ ਦੇ ਗਏ ਸਨ, ਪਰ ਉਹ ਵਿਚਾਰਾਂ ਦੇ ਰੂਪ 'ਚ ਸਾਡੇ ਦਿਲਾਂ ਵਿੱਚ ਹਮੇਸ਼ਾ ਵੱਸਦੇ ਹਨ ਤੇ ਸਾਡੇ ਲਈ ਪ੍ਰੇਰਨਾ ਦਾ ਸਰੋਤ ਹਨ। ਵੱਖ ਵੱਖ ਥਾਵਾਂ 'ਤੇ ਬੁਲਾਰਿਆਂ ਨੇ ਪਿਛਲੇ ਦਿਨੀਂ ਮਾਨਸਾ ਜ਼ਿਲ੍ਹੇ ਦੇ ਪਿੰਡ ਕੁੱਲਰੀਆਂ ਵਿਖੇ ਪੰਜਾਬ ਸਰਕਾਰ ਵੱਲੋਂ ਧੱਕੇ ਨਾਲ ਲੋਕਾਂ ਦੀਆਂ ਜਮੀਨਾਂ 'ਤੇ ਕਬਜਾ ਕਰਨ ਦੀ ਕੋਸ਼ਿਸ਼ ਦੀ ਸਖਤ ਨਿਖੇਧੀ ਕਰਦਿਆਂ ਇਸ ਨੂੰ ਵਿਸ਼ਵਾਸ ਘਾਤ ਦੱਸਿਆ ਅਤੇ ਐਲਾਨ ਕੀਤਾ ਗਿਆ ਕਿ ਇਸ ਧੱਕੇਸ਼ਾਹੀ ਦਾ ਜਵਾਬ ਦੇਣ ਲਈ 20 ਜੁਲਾਈ ਨੂੰ ਕੁੱਲਰੀਆਂ ਵਿਖੇ ਸੂਬਾਈ ਕਿਸਾਨ ਰੈਲੀ ਕੀਤੀ ਜਾਵੇਗੀ ਅਤੇ ਅਗਲੇ ਪ੍ਰੋਗਰਾਮ ਉਲੀਕਣ ਲਈ 16 ਜੁਲਾਈ ਨੂੰ ਸੂਬਾ ਕਮੇਟੀ ਦੀ ਮੀਟਿੰਗ ਗੁਰਦੁਆਰਾ ਬਾਬਾ ਹਾਜੀ ਰਤਨ ਸਾਹਿਬ ਬਠਿੰਡਾ ਵਿਖੇ ਬੁਲਾ ਲਈ ਗਈ ਹੈ। ਇਸ ਤੋਂ ਇਲਾਵਾ ਹੜਾਂ ਨਾਲ ਹੋਏ ਨੁਕਸਾਨ ਨੂੰ ਦੇਖਦਿਆਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਗਈ ਕਿ ਉਹ ਹੜਾਂ ਨੂੰ ਕੌਮੀ ਆਫਤ ਐਲਾਨ ਕਰਕੇ ਸੂਬਿਆਂ ਨੂੰ ਆਰਥਿਕ ਸਹਾਇਤਾ ਦੇਵੇ। ਪੰਜਾਬ ਸਰਕਾਰ ਲੋਕਾਂ ਨੂੰ ਫਸਲਾਂ, ਘਰਾਂ ਅਤੇ ਹੋਰ ਨੁਕਸਾਨ ਦਾ ਮੁਆਵਜਾ ਦੇਵੇ। ਬੁਲਾਰਿਆਂ ਨੇ ਬਲਕਾਰ ਸਿੰਘ ਡਕੌਂਦਾ ਵੱਲੋਂ ਦਰਸਾਏ, ਸਾਂਝੇ ਸੰਘਰਸਾਂ ਦੇ ਰਾਹ 'ਤੇ ਚਲਦਿਆਂ, ਪਾਰਲੀਮਾਨੀ ਸਿਸਟਮ ਤੋਂ ਝਾਕ ਛੱਡ ਕੇ, ਹਰ ਤਰ੍ਹਾਂ ਦੇ ਕੁਰਾਹਿਆਂ ਖਿਲਾਫ ਡਟਣ ਦਾ ਅਹਿਦ ਲਿਆ।

ਜਮਹੂਰੀ ਕਿਸਾਨ ਸਭਾ ਨੇ ਐਸ ਡੀ ਐਮ ਨੂੰ ਦਿੱਤਾ ਮੰਗ ਪੱਤਰ

ਫਿਲੌਰ (ਨਿਰਮਲ)- ਜਮਹੂਰੀ ਕਿਸਾਨ ਸਭਾ ਵਲੋਂ ਸਥਾਨਕ ਐਸ.ਡੀ.ਐਮ ਅਮਨਪਾਲ ਸਿੰਘ ਨੂੰ ਇੱਕ ਮੰਗ ਪੱਤਰ ਦਿੱਤਾ ਗਿਆ। ਇਸ ਉਪਰੰਤ ਆਗੂਆਂ ਨੇ ਦੱਸਿਆ ਕਿ ਧੁੰਸੀ ਬੰਨ੍ਹ 'ਤੇ ਪੁਲੀਆ ਪਾਈਪਾਂ 'ਤੇ ਢੱਕਣ ਪੱਕੇ ਤੌਰ 'ਤੇ ਲਾਏ ਜਾਣ ਤਾਂ ਜੋ ਲੋੜ ਪੈਣ ਤੇ ਇਸ ਨੂੰ ਖੋਲ੍ਹਿਆ ਅਤੇ ਬੰਦ ਕੀਤਾ ਜਾ ਸਕੇ ਤਾਂ ਜੋ ਲੋਕਾਂ ਦਾ ਨੁਕਸਾਨ ਤੋਂ ਬਚਾਅ ਕੀਤਾ ਜਾ ਸਕੇ। ਆਗੂਆਂ ਨੇ ਕਿਹਾ ਕਿ ਪੰਜਾਬ ਪੁਲਸ ਅਕੈਡਮੀ ਵਲੋਂ ਗ਼ੰਲਫ਼ ਦੀ ਗਰਾਊਂਡ ਬਣਾਉਣ ਲਈ ਦਰਿਆ ਦੇ ਅੰਦਰ ਬੰਨ੍ਹ ਲਗਾਇਆ ਗਿਆ ਹੈ,ਜਿਸ ਨੂੰ ਹਟਾਇਆ ਜਾਵੇ ਜੋ ਹਰ ਸਾਲ ਦਰਿਆ ਟੁੱਟਣ ਦਾ ਕਾਰਨ ਬਣਦਾ ਹੈ। ਇਸ ਤੋਂ ਬਿਨ੍ਹਾਂ ਲੋੜਵੰਦ ਲੋਕਾਂ ਲਈ ਤੂੜੀ, ਹਰੇ ਚਾਰੇ, ਤਰਪਾਲਾਂ, ਤੰਬੂ ਦਾ ਪ੍ਰਬੰਧ ਕਰਨ, ਬਰਸਾਤਾਂ ਤੋਂ ਪਹਿਲਾ ਬੰਨ੍ਹਾਂ ਦੀ ਮੁਰੰਮਤ, ਡਰੇਨਾਂ ਦੀ ਸਫਾਈ ਯਕੀਨੀ ਬਣਾਉਣ ਦੀ ਮੰਗ ਕੀਤੀ। ਲੋਕਾਂ ਦੀ ਸਿਹਤ ਦਾ ਧਿਆਨ ਰੱਖਣ ਅਤੇ ਪਸ਼ੂਆਂ ਦੇ ਇਲਾਜ਼ ਲਈ ਪ੍ਰਬੰਧ ਕੀਤਾ ਜਾਵੇ। ਜਮਹੂਰੀ ਕਿਸਾਨ ਸਭਾ ਦੇ ਸੂਬਾ ਕਮੇਟੀ ਮੈਂਬਰ ਜਸਵਿੰਦਰ ਸਿੰਘ ਢੇਸੀ, ਤਹਿਸੀਲ ਪ੍ਰਧਾਨ ਕੁਲਦੀਪ ਫਿਲੌਰ, ਸਕੱਤਰ ਸਰਬਜੀਤ ਸੰਗੋਵਾਲ ਨੇ ਨੁਕਸਾਨ ਦੀ ਗੁਰਦਾਵਰੀ ਕਰਵਾਉਣ ਅਤੇ ਪ੍ਰਤੀ ਏਕੜ 30 ਹਜ਼ਾਰ ਰੁਪਏ ਮੁਆਵਜ਼ੇ ਦੀ ਮੰਗ ਵੀ ਕੀਤੀ।

ਇਸ ਮੌਕੇ 'ਤੇ ਦਿਹਾਤੀ ਮਜਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਪਰਮਜੀਤ ਰੰਧਾਵਾ ਅਤੇ ਤਹਿਸੀਲ ਪ੍ਰਧਾਨ ਜਰਨੈਲ ਫਿਲੌਰ, ਤਰਜਿੰਦਰ ਸਿੰਘ ਧਾਰੀਵਾਲ, ਹਰਦੇਵ ਸਿੰਘ ਸੰਧੂ, ਬਲਵਿੰਦਰ ਸਿੰਘ ਦੁਸਾਂਝ, ਮਲਕੀਤ ਸਿੰਘ ਸੰਘੇੜਾ, ਕੁਲਵੰਤ ਖਹਿਰਾ, ਮਨਜਿੰਦਰ ਸਿੰਘ, ਬਲਜਿੰਦਰ ਬਿਲਗਾ, ਬਲਬੀਰ ਬੀਰੀ ਆਦਿ ਹਾਜ਼ਰ ਸਨ।

ਮੀਂਹ ਕਾਰਨ ਗਰੀਬ ਪਰਵਾਰ ਦੇ ਮਕਾਨ ਦੀ ਛੱਤ ਡਿੱਗੀ

ਅੱਡਾ ਸਰਾਂ (ਜਸਵੀਰ ਕਾਜਲ)- ਭਾਰੀ ਮੀਂਹ ਕਾਰਨ ਇੱਕ ਗਰੀਬ ਪਰਵਾਰ ਦੇ ਮਕਾਨ ਦੀ ਛੱਤ ਡਿੱਗ ਗਈ ਹੈ। ਪਿੰਡ ਕੰਧਾਲਾ ਜੱਟਾਂ ਦੀ ਵਸਨੀਕ ਸਤਵੀਰ ਕੌਰ ਪਤਨੀ ਬਲਜਿੰਦਰ ਸਿੰਘ ਦੱਸਿਆ ਕਿ ਪਿੱਛਲੀ ਦਿਨੀ ਹੋਈ ਲਗਾਤਾਰ ਭਾਰੀ ਬਾਰਿਸ਼ ਕਾਰਨ ਉਨ੍ਹਾਂ ਦੇ ਮਕਾਨ ਦੀ ਛੱਤ ਡਿੱਗ ਗਈ। ਜਿਸ ਕਾਰਨ ਉਸ ਦਾ ਬਹੁਤ ਨੁਕਸਾਨ ਹੋਇਆ ਹੈ। ਉਸ ਨੇ ਦੱਸਿਆ ਕਿ ਉਸ ਦੀ ਕਣਕ ਵੀ ਪੂਰੀ ਤਰ੍ਹਾਂ ਖਰਾਬ ਹੋ ਗਈ ਹੈ। ਇਸ ਤੋਂ ਇਲਾਵਾ ਰੋਜਾਨਾ ਦੀ ਵਰਤੋਂ ਦਾ ਘਰੇਲੂ ਸਮਾਨ ਵੀ ਪੂਰੀ ਤਰਾਂ ਖਰਾਬ ਹੋ ਚੁੱਕਾ ਹੈ। ਪੀੜਤ ਪਰਵਾਰ ਨੇ ਸਰਕਾਰ ਪਾਸੋਂ ਮੁਆਵਜੇ ਦੀ ਮੰਗ ਕੀਤੀ ਹੈ।

ਜ਼ਿਲ੍ਹੇ ਦੀ ਹਦੂਦ ਅੰਦਰ ਧਰਨੇ-ਰੈਲੀਆਂ ਕਰਨ 'ਤੇ ਪਾਬੰਦੀ

ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)- ਜ਼ਿਲ੍ਹਾ ਮੈਜਿਸਟਰੇਟ, ਸਾਹਿਬਜਾਦਾ ਅਜੀਤ ਸਿੰਘ ਨਗਰ ਸ੍ਰੀਮਤੀ ਆਸ਼ਿਕਾ ਜੈਨ ਨੇ ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਪ੍ਰਾਪਤ ਹੋਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹੇ ਦੀ ਹਦੂਦ ਅੰਦਰ ਧਰਨੇ ਅਤੇ ਰੈਲੀਆਂ ਕਰਨ ਉਤੇ ਪੂਰਨ ਤੌਰ ਉਤੇ ਪਾਬੰਦੀ ਲਾਉਣ ਦੇ ਹੁਕਮ ਜਾਰੀ ਕੀਤੇ ਹਨ । ਇਨ੍ਹਾਂ ਹੁਕਮਾਂ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ, ਰੈਲੀਆਂ, ਧਰਨੇ ਲਾਉਣ ਅਤੇ ਮੁਜਾਹਰੇ ਕਰਨ ਤੇ ਪੂਰਨ ਤੌਰ 'ਤੇ ਪਾਬੰਦੀ ਹੋਵੇਗੀ। ਇਹ ਹੁਕਮ 16 ਜੁਲਾਈ ਤੋਂ ਲੈ ਕੇ 15 ਸਤੰਬਰ 2023 ਤੱਕ ਲਾਗੂ ਰਹਿਣਗੇ।

ਨਵਜੀਤ ਸਿੰਘ ਨਵੀ ਜ਼ਿਲ੍ਹਾ ਰੂਪਨਗਰ ਯੂਥ ਕਾਂਗਰਸ ਦੇ ਪ੍ਰਧਾਨ ਬਣੇ

ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)- ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਸਪੁੱਤਰ ਨਵਜੀਤ ਸਿੰਘ ਨਵੀ ਜ਼ਿਲ੍ਹਾ ਰੂਪਨਗਰ ਯੂਥ ਕਾਂਗਰਸ ਦੇ ਪ੍ਰਧਾਨ ਚੁਣੇ ਗਏ। ਉਨ੍ਹਾਂ ਅਪਣੇ ਮੁਕਾਬਲੇ ਦੇ ਉਮੀਦਵਾਰ ਨਾਲੋਂ ਲੱਗਭਗ ਸਾਢੇ 12 ਹਜਾਰ ਵੋਟਾਂ ਵਾਧੂ ਲਈਆਂ । ਬਲਾਕ ਸੰਮਤੀ ਮੈਂਬਰ ਰੋਹਿਤ ਸੱਭਰਵਾਲ ਨੇ ਦੱਸਿਆ ਕਿ ਨਵਜੀਤ ਸਿੰਘ ਨਵੀ ਮਿੱਠ ਬੋਲੜੇ ਅਤੇ ਸਾਉ ਸੁਭਾਅ ਦੇ ਹੋਣ ਕਾਰਨ ਨੌਜਵਾਨਾਂ ਵਿਚ ਹਰਮਨ ਪਿਆਰੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ੍ਰੀ ਚਮਕੌਰ ਸਾਹਿਬ ਦੇ ਬਲਾਕ ਪ੍ਰਧਾਨ ਦਵਿੰਦਰ ਸਿੰਘ ਬਰਸਾਲਪੁਰ, ਦਰਸ਼ਨ ਸਿੰਘ ਸੰਧੂ ਬਲਾਕ ਪ੍ਰਧਾਨ ਮੋਰਿੰਡਾ, ਲੰਬੜਦਾਰ ਜਸਵੀਰ ਸਿੰਘ, ਤਾਰਾ ਚੰਦ, ਪ੍ਰਨੀਤ ਚੌਧਰੀ, ਲਵਲੀ ਵਰਮਾ, ਦੀਪਕ ਸ਼ਰਮਾ, ਬਲਵਿੰਦਰ ਸਿੰਘ ਆਦਿ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ।

ਸੇਂਟ ਸੋਲਜਰ ਮੈਨੇਜਮੈਂਟ ਦੇ ਵਿਦਿਆਰਥੀ ਨੇ ਯੂਨੀਵਰਸਿਟੀ 'ਚ ਪ੍ਰਾਪਤ ਕੀਤੀਆਂ ਮੈਰਿਟ ਪੁਜੀਸ਼ਨਾਂ

ਜਾਲੰਧਰ:-(ਇਕਬਾਲ ਸਿੰਘ ਉੱਭੀ)- ਆਈ.ਕੇ.ਜੀ ਪੰਜਾਬ ਟੈਕਨੀਕਲ ਯੂਨਿਵਰਸਿਟੀ ਵਲੋਂ ਐਲਾਨੇ ਗਏ ਵੱਖ ਵੱਖ ਕੋਰਸਾਂ ਦੀ ਮੈਰਿਟ ਸੂਚੀ ਵਿੱਚ ਸੇਂਟ ਸੋਲਜਰ ਮੈਨੇਜਮੈਂਟ ਐਂਡ ਟੈਕਨੀਕਲ ਇੰਸਟੀਚਿਊਟ ਕਪੂਰਥਲਾ ਰੋਡ ਦੇ ਵਿਦਿਆਰਥੀਆਂ ਨੇ ਮੈਰਿਟ ਪੁਜ਼ੀਸ਼ਨਾਂ ਪ੍ਰਾਪਤ ਕਰ ਸੰਸਥਾ ਦਾ ਨਾਂਅ ਚਮਕਾਇਆ। ਚੇਅਰਮੈਨ ਅਨਿਲ ਚੋਪੜਾ, ਵਾਈਸ ਚੇਅਰਪਰਸਨ ਸ੍ਰੀਮਤੀ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਨੂੰ ਮੈਡਲ ਅਤੇ ਸਰਟੀਫਿਕੇਟ ਦੇ ਨਾਲ ਸਨਮਾਨਿਤ ਕਰਦੇ ਹੋਏ ਦੱਸਿਆ ਕਿ ਬੀ.ਐੱਸਸੀ ਮੈਡੀਕਲ ਲੈਬ ਸਾਇੰਸਜ਼ ਵਿੱਚ ਮਮਤਾ ਦਾਸ ਨੇ 9.21 ਐਸਜੀਪੀਏ, ਗਾਰਗੀ ਸ਼ਰਮਾ ਨੇ 9.15 ਐਸਜੀਪੀਏ, ਬੈਚਲਰ ਔਫ ਮੈਨੇਜਮੈਂਟ ਸਟਡੀਜ਼ ਮੀਡਿਆ ਐਂਡ ਫਿਲਮ ਟੈਕਨਾਲੋਜੀ ਵਿੱਚ ਮੁਨੀਸ਼ ਕੁਮਾਰ ਨੇ 8.33 ਐਸਸੀਪੀਏ, ਤਰੁਣ ਗੋਰਬੀ ਨੇ 8.16 ਐਸਸੀਪੀਏ, ਜਤਿਨ ਸ਼ਰਮਾ ਨੇ 8.05 ਐਸਸੀਪੀਏ, ਜਸਕੀਰਤ ਸਿੰਘ ਨੇ 7.74 ਐਸਸੀਪੀਏ, ਲਵਲੀਨ ਕੌਰ ਨੇ 7.54 ਐਸਸੀਪੀਏ, ਡਿੰਪਲ ਨੇ 7.44 ਐਸਸੀਪੀਏ ਪ੍ਰਾਪਤ ਕੀਤੇ। ਪ੍ਰਿੰਸੀਪਲ ਡਾ.ਰੋਹਨ ਸ਼ਰਮਾ ਨੇ ਦੱਸਿਆ ਕਿ ਸਾਰੇ ਵਿਦਿਆਰਥੀ ਪਹਿਲੀ ਸ਼੍ਰੇਣੀ ਨਾਲ ਪਾਸ ਹੋਏ ਹਨ। ਚੇਅਰਮੈਨ ਅਨਿਲ ਚੋਪੜਾ ਨੇ ਵਿਦਿਆਰਥੀ ਨੂੰ ਸ਼ੁੱਭ ਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਵਿਦਿਆਰਥੀਆਂ ਨੂੰ ਸਿੱਖਿਆ ਲਈ ਹਰ ਕਿਸਮ ਦੀ ਸਹੂਲਤ ਲਈ ਸੰਸਥਾ ਵਚਨਬੱਧ ਹੈ।

ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕਿਆਂ ਦੇ ਸਿਰਫ ਪੰਜਾਬ ਦੇ ਲੋਕ ਹੱਕਦਾਰ - ਗਿ. ਭਗਤ ਸਿੰਘ ਭੁੰਗਰਨੀ

ਫਗਵਾੜਾ (ਡਾ. ਰਮਨ) ਸੀਨੀਅਰ ਅਕਾਲੀ ਆਗੂ ਅਤੇ ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਕਪੂਰਥਲਾ ਦੇ ਸਰਪ੍ਰਸਤ ਗਿਆਨੀ ਭਗਤ ਸਿੰਘ ਭੁੰਗਰਨੀ ਨੇ ਏਥੇ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਕਿ ਚੰਡੀਗੜ੍ਹ ਪੰਜਾਬ ਦੀ ਧਰਤੀ 'ਤੇ ਵਸਿਆ ਹੈ। ਪਹਿਲਾਂ ਇਹ ਜ਼ਿਲ੍ਹਾ ਪਟਿਆਲਾ ਵਿਚ ਸ਼ਾਮਲ ਸੀ। ਫਿਰ ਇਸ ਨੂੰ ਜ਼ਿਲ੍ਹਾ ਰੋਪੜ 'ਚ ਸ਼ਾਮਲ ਕੀਤਾ ਗਿਆ। ਸਾਂਝਾ ਪੰਜਾਬ ਜਿਸ ਵਿਚ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਵੀ ਸ਼ਾਮਲ ਸਨ, ਦੀ ਰਾਜਧਾਨੀ ਸ਼ਿਮਲਾ ਸੀ। ਕਾਂਗੜਾ ਦੀ ਤਹਿਸੀਲ ਊਨਾ ਉਸ ਸਮੇਂ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਸ਼ਾਮਲ ਸੀ। ਇਸੇ ਤਰ੍ਹਾਂ ਅੰਬਾਲਾ, ਕਰਨਾਲ ਕੁਰੂਕਸ਼ੇਤਰ ਅਤੇ ਪਾਨੀਪਤ ਆਦਿ ਹੋਰ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਸਨ। ਉਸ ਸਮੇਂ ਚੰਡੀਗੜ੍ਹ ਨਾਂਅ ਦਾ ਕੋਈ ਸ਼ਹਿਰ ਨਹੀਂ ਸੀ। ਮਹਿੰਦਰ ਸਿੰਘ, ਐਮ.ਐਸ. ਰੰਧਾਵਾ ਅਤੇ ਰਜਿੰਦਰ ਸਿੰਘ ਰੰਧਾਵਾ ਜੋ ਕਿ ਪਲਾਨਿੰਗ ਕਮਿਸ਼ਨਰ ਸਨ ਅਤੇ ਪ੍ਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਸਨ, ਉਸ ਸਮੇਂ ਚੰਡੀਗੜ੍ਹ ਪੰਜਾਬ ਦੀ ਧਰਤੀ 'ਤੇ ਬਣਿਆ। ਉਸ ਸਮੇਂ ਬਲਦੇਵ ਸਿੰਘ ਰੋਪੜ ਤੋਂ ਐਮ.ਐਲ.ਏ. ਅਤੇ ਮੰਤਰੀ ਸਨ। ਉਹਨਾਂ ਦੀ ਜਮੀਨ 'ਤੇ ਚੰਡੀਗੜ੍ਹ ਸ਼ਹਿਰ ਦੀ ਉਸਾਰੀ ਕੀਤੀ ਗਈ। ਭੁੰਗਰਨੀ ਨੇ ਕਿਹਾ ਕਿ 1966 'ਚ ਪੰਜਾਬ ਦੀ ਵੰਡ ਤੋਂ ਬਾਅਦ ਜਦੋਂ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਵੱਖਰੇ ਰਾਜ ਬਣੇ ਤਾਂ ਮੌਜੂਦਾ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਬਣਾਇਆ ਗਿਆ ਜਿਸਦੇ ਪਹਿਲੇ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਬਣੇ ਸੀ। ਇਹਨਾਂ ਸਾਰੇ ਤੱਥਾਂ ਨੂੰ ਦੇਖਦੇ ਹੋਏ ਚੰਡੀਗੜ੍ਹ ਪੰਜਾਬ ਦਾ ਸੀ ਤੇ ਪੰਜਾਬ ਦਾ ਹੀ ਰਹੇਗਾ।

ਆਈ ਜੀ ਪੀ ਕ੍ਰਾਈਮ ਨੇ ਸ੍ਰੀ ਅਮਰਨਾਥ ਯਾਤਰੀਆਂ ਲਈ ਲਗਾਏ ਲੰਗਰ ਸਥਾਨਾਂ ਤੇ ਸੁਰੱਖਿਆ ਪ੍ਰਬੰਧਾਂ ਦਾ ਲਿਆ ਜਾਇਜ਼ਾ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)-ਆਈ.ਜੀ.ਪੀ ਪੰਜਾਬ ਕ੍ਰਾਈਮ ਗੁਰਸ਼ਰਨ ਸਿੰਘ ਸੰਧੂ ਨੇ ਟਾਂਡਾ ਅਤੇ ਦਸੂਹਾ ਵਿਖੇ ਚੱਲ ਰਹੀ ਸ੍ਰੀ ਅਮਰਨਾਥ ਯਾਤਰਾ ਦੀ ਸੁਰੱਖਿਆ ਦਾ ਜਾਇਜਾ ਲੈਣ ਲਈ ਪੁਲਸ ਨਾਲ ਮੀਟਿੰਗ ਕੀਤੀ ਅਤੇ ਇਲਾਕੇ ਵਿੱਚ ਚੱਲ ਰਹੇ ਸ਼ਰਧਾਲੂਆਂ ਦੇ ਲੰਗਰ ਸਥਾਨਾਂ ਅਤੇ ਆਰਾਮ ਘਰਾਂ ਦੀ ਸਥਿਤੀ ਦਾ ਜਾਇਜਾ ਲਿਆ। ਇਸ ਮੌਕੇ ਦਸੂਹਾ ਦੇ ਡੀ.ਐਸ.ਪੀ ਬਲਬੀਰ ਸਿੰਘ ਥਾਣਾ ਇੰਚਾਰਜ ਬਲਵਿੰਦਰ ਸਿੰਘ ਅਤੇ ਹੋਰ ਪੁਲਸ ਮੁਲਾਜਮ ਹਾਜਰ ਸਨ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੰਧੂ ਨੇ ਯਾਤਰਾ ਨਾਲ ਸਿੱਧੇ ਤੌਰ 'ਤੇ ਸਬੰਧਤ ਜ਼ਿਲ

15-July-PAGE- 9 qxd.qxd 7/14/2023 10:08 PM Page 1

ਅੱਧਾ ਕਿੱਲੋ ਹੈਰੋਇਨ, ਇੱਕ ਪਿਸਟਲ, 5 ਜ਼ਿੰਦਾ ਰੌਂਦ ਸਮੇਤ ਇੱਕ ਕਾਬੂ

ਜਲੰਧਰ (ਸ਼ੈਲੀ ਐਲਬਰਟ) - ਪੁਲਸ ਕਮਿਸ਼ਨਰ ਕੁਲਦੀਪ ਚਾਹਲ ਦੇ ਦਿਸ਼ਾ-ਨਿਰਦੇਸ਼ਾਂ 'ਤੇ ਡੀ ਸੀ ਪੀ ਇਨਵੈਸਟੀਗੇਸ਼ਨ ਹਰਵਿੰਦਰ ਸਿੰਘ ਵਿਰਕ, ਏ ਡੀ ਸੀ ਪੀ ਇਨਵੈਸਟੀਗੇਸ਼ਨ ਭੁਪਿੰਦਰ ਸਿੰਘ, ਏ ਸੀ ਪੀ ਪਰਮਜੀਤ ਸਿੰਘ ਦੀ ਟੀਮ ਨੇ ਐਂਟੀ ਨਾਰਕੋਟਿਕ ਸੈੱਲ ਦੇ ਇੰਚਾਰਜ ਹਰਿੰਦਰ ਸਿੰਘ ਦੀ ਅਗਵਾਈ 'ਚ ਨਸ਼ਾ ਵਿਰੋਧੀ ਮੁਹਿੰਮ ਤਹਿਤ ਇੱਕ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ।

ਮੁਲਜ਼ਮ ਦੀ ਪਛਾਣ ਸੌਰਵ ਕੁਮਾਰ ਪੁੱਤਰ ਸਵਰਗੀ ਚਰਨਦਾਸ ਵਾਸੀ ਮਕਾਨ ਨੰਬਰ 34, ਗਲੀ ਨੰਬਰ 1, ਗਿਲਵਾੜੀ ਗੇਟ, ਅੰਮ੍ਰਿਤਸਰ ਵਜੋਂ ਹੋਈ ਹੈ। ਪੁਲਸ ਨੇ ਮੁਲਜ਼ਮਾਂ ਦੇ ਕਬਜੇ 'ਚੋਂ 510 ਗ੍ਰਾਮ ਹੈਰੋਇਨ, ਪਿਸਤੌਲ ਤੇ ਜਿੰਦਾ ਕਾਰਤੂਸ ਬਰਾਮਦ ਕੀਤੇ ਹਨ। ਪੁਲਸ ਅਧਿਕਾਰੀ ਨੇ ਦੱਸਿਆ ਕਿ 12 ਜੁਲਾਈ ਨੂੰ ਐਂਟੀ ਨਾਰਕੋਟਿਕਸ ਸੈੱਲ ਦੀ ਟੀਮ ਪਠਾਨਕੋਟ ਚੌਕ ਮੇਨ ਹਾਈਵੇਅ ਨੇੜੇ ਬੱਲੇ-ਬਲੇ ਫਾਰਮ ਕੋਲ ਮੌਜੂਦ ਸੀ। ਇਸ ਦੌਰਾਨ ਇੱਕ ਨੌਜਵਾਨ ਐਕਟਿਵਾ ਨੰਬਰ ਪੀ.ਬੀ.02-ਈ.ਐਫ.-3609 ਲੈ ਕੇ ਆ ਰਿਹਾ ਸੀ। ਉਸ ਦੀ ਐਕਟਿਵਾ 'ਤੇ ਕਾਲੇ ਰੰਗ ਦਾ ਭਾਰੀ ਲਿਫਾਫਾ ਲਟਕਿਆ ਹੋਇਆ ਸੀ। ਇਸੇ ਦੌਰਾਨ ਨਾਕੇ 'ਤੇ ਪੁਲਸ ਪਾਰਟੀ ਨੂੰ ਦੇਖ ਕੇ ਉਹ ਘਬਰਾ ਗਿਆ ਅਤੇ ਅਚਾਨਕ ਐਕਟਿਵਾ ਰੋਕ ਲਈ। ਇਸ ਦੌਰਾਨ ਜਿਵੇਂ ਹੀ ਉਹ ਪਿੱਛੇ ਮੁੜਨ ਲੱਗਾ ਤਾਂ ਮੀਂਹ ਕਾਰਨ ਉਸਦੀ ਐਕਟਿਵਾ ਤਿਲਕ ਗਈ ਅਤੇ ਉਹ ਡਿੱਗ ਗਿਆ। ਜਿਵੇਂ ਹੀ ਉਸ ਨੇ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਮੌਕੇ 'ਤੇ ਮੌਜੂਦ ਐਂਟੀ ਨਾਰਕੋਟਿਕਸ ਸੈੱਲ ਦੀ ਟੀਮ ਦੇ ਇੰਚਾਰਜ ਹਰਿੰਦਰ ਸਿੰਘ ਨੇ ਉਕਤ ਵਿਅਕਤੀ ਨੂੰ ਕਾਬੂ ਕਰ ਲਿਆ। ਤਲਾਸ਼ੀ ਦੌਰਾਨ ਪੁਲਸ ਨੇ ਮੁਲਜ਼ਮਾਂ ਦੇ ਕਬਜੇ 'ਚੋਂ 510 ਗ੍ਰਾਮ ਹੈਰੋਇਨ, ਇੱਕ ਪਿਸਤੌਲ, 5 ਜਿੰਦਾ ਕਾਰਤੂਸ ਬਰਾਮਦ ਕੀਤੇ। ਪੁਲਸ ਅਧਿਕਾਰੀ ਨੇ ਦੱਸਿਆ ਕਿ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕਰੇਗੀ।

ਪੰਜਾਬ 'ਚ ਦਲਿਤਾਂ 'ਤੇ ਵਧ ਰਹੇ ਸਮਾਜਕ ਅੱਤਿਆਚਾਰ ਭਾਈਚਾਰਕ ਸਾਂਝ ਨੂੰ ਤੋੜਨ ਦੇ ਯਤਨ : ਚੌਹਾਨ, ਦੇਵੀ ਕੁਮਾਰੀ

ਚੰਡੀਗੜ੍ਹ (ਗੁਰਬਜੀਤ ਬਿੱਲਾ) ਸੂਬੇ ਅੰਦਰ ਦਿਨੋ ਦਿਨ ਵਧ ਰਹੀਆਂ ਜਾਤੀ ਹੀਣ ਭਾਵਨਾਵਾਂ , ਸਮਾਜਿਕ ਅੱਤਿਆਰ ਅਤੇ ਦਲਿਤਾ ਨਾਲ ਬੇਇਨਸਾਫੀ ਦੀਆਂ ਘਟਨਾਵਾਂ ਪੰਜਾਬ ਸਰਕਾਰ ਵੱਲੋਂ 34 ਫੀਸਦੀ ਦਲਿਤਾ ਸਮਾਜ ਨੂੰ ਅਣਗੌਲਾ ਤੇ ਦਰਕਿਨਾਰ ਕਰਨਾ ਹੈ, ਜਿਸ ਨਾਲ ਸਮਾਜਿਕ ਭਾਈਚਾਰਕ ਸਾਂਝ ਨੂੰ ਤੋੜਨ ਲਈ ਸਮਾਜ ਵਿਰੋਧੀ ਅਨਸਰਾਂ ਨੂੰ ਹੋਰ ਬੱਲ ਮਿਲ ਰਿਹਾ ਹੈ। ਪਿਛਲੇ ਦਿਨਾ ਦੌਰਾਨ ਬਠਿੰਡਾ ਜਿਲ੍ਹੇ ਦੇ ਪਥਰਾਲਾ ਪਿੰਡ ਦੇ ਅਖੌਤੀ ਦਲਿਤ ਵਿਰੋਧੀ ਅਨਸਰਾਂ ਵੱਲੋਂ ਪਿੰਡ ਦੇ ਦਲਿਤ 19 ਸਾਲਾ ਨੌਜਵਾਨ ਅੰਗਰੇਜ਼ ਸਿੰਘ ਤੇ ਅਣਮਨੁੱਖੀ ਤਸ਼ੱਦਦ ਦਾ ਕਹਿਰ ਢਾਇਆ ਗਿਆ ਜਿਸ ਤਾਬ ਨਾ ਝਲਦਿਆ ਨੌਜਵਾਨ ਦਮ ਤੋੜ ਦਿੱਤਾ। ਬੇਸ਼ੱਕ ਸੰਘਰਸ਼ੀਲ ਤੇ ਇਨਸਾਫ ਪਸੰਦ ਜਥੇਬੰਦੀਆਂ ਦੇ ਦਖਲ ਕਾਰਨ ਦੋਸ਼ੀਆਂ 'ਤੇ ਐਫ ਆਈ ਆਰ ਦਰਜ ਹੋ ਚੁੱਕੀ ਹੈ, ਪਰੰਤੂ ਅਤੇ ਪੁਲਸ਼ ਪ੍ਰਸ਼ਾਸਨ ਵੱਲੋਂ ਅਜੇ ਤੱਕ ਦੋਸ਼ੀਆਂ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ। ਜਿਸ ਨਾਲ ਪ੍ਰਸਾਸ਼ਨ ਦਾ ਦਲਿਤ ਵਿਰੋਧੀ ਚਿਹਰਾ ਨੰਗਾ ਹੋ ਰਿਹਾ ਹੈ।

ਉਕਤ ਸ਼ਬਦਾ ਦਾ ਪ੍ਰਗਟਾਵਾ ਪੰਜਾਬ ਖੇਤ ਮਜ਼ਦੂਰ ਸਭਾ ਪੰਜਾਬ ਇਕਾਈ ਦੇ ਸੂਬਾਈ ਆਗੂਆ ਸੂਬਾ ਜਨਰਲ ਸਕੱਤਰ ਦੇਵੀ ਕੁਮਾਰੀ ਤੇ ਸੂਬਾ ਮੀਤ ਪ੍ਰਧਾਨ ਕ੍ਰਿਸ਼ਨ ਚੌਹਾਨ ਨੇ ਪ੍ਰੈਸ਼ ਬਿਆਨ ਜਾਰੀ ਕਰਦਿਆ ਕੀਤਾ।

ਆਗੂਆਂ ਨੇ ਦੋਸ਼ੀਆਂ ਨੂੰ ਫੌਰੀ ਗ੍ਰਿਫਤਾਰ ਕਰਨ ਤੇ ਪੰਜਾਬ 'ਚ ਦਲਿਤ ਵਿਰੋਧੀ ਅਨਸਰਾਂ ਕਰਕੇ ਟੁੱਟ ਰਹੀਂ ਭਾਈਚਾਰਕ ਸਾਂਝ ਤੇ ਵਧ ਰਹੀ ਜਾਤੀ ਹੀਣਭਾਵਨਾ, ਸਮਾਜਿਕ ਅੱਤਿਆਚਾਰ ਦੀਆਂ ਘਟਨਾਵਾਂ ਨੂੰ ਰੋਕਣ ਲਈ ਫੌਰੀ ਦਖਲ ਦੇਣ ਦੀ ਸੂਬਾ ਸਰਕਾਰ ਤੇ ਜਿਲ੍ਹਾ ਪ੍ਰਸਾਸ਼ਨ ਤੋਂ ਮੰਗ ਕੀਤੀ।

ਸਰਕਾਰੀ ਯੋਜਨਾਵਾਂ ਦਾ ਲਾਭ ਪਹੁੰਚਾਉਣ ਲਈ ਹਰ ਇੱਕ ਨੂੰ ਹੋਣੀ ਚਾਹੀਦੀ ਜਾਣਕਾਰੀ : ਡੀ ਸੀ

ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ, ਮਨੋਜ) ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹਾ ਸਹਿਕਾਰਤਾ ਵਿਕਾਸ ਕਮੇਟੀ ਦੀ ਮੀਟਿੰਗ ਕਰਦਿਆਂ ਕਿਹਾ ਕਿ ਵਿਕਾਸ ਸੰਬੰਧੀ ਬਣਾਈਆਂ ਗਈਆਂ ਯੋਜਨਾਵਾਂ ਬੁੱਧੀਜੀਵੀਆਂ ਵੱਲੋਂ ਬਣਾਈਆਂ ਜਾਂਦੀਆਂ ਹਨ ਅਤੇ ਇਨ੍ਹਾਂ ਨੂੰ ਜ਼ਿਲ੍ਹਾ ਪੱਧਰ 'ਤੇ ਚਲਾਇਆ ਜਾਂਦਾ ਹੈ। ਇਹ ਸਾਰੀਆਂ ਯੋਜਨਾਵਾਂ ਤਾਂ ਹੀ ਸਫ਼ਲ ਹੋ ਸਕਦੀਆਂ ਹਨ ਜੇਕਰ ਜ਼ਮੀਨੀ ਪੱਧਰ ਤੱਕ ਹਰ ਇਕ ਨੂੰ ਇਨ੍ਹਾਂ ਯੋਜਨਾਵਾਂ ਸੰਬੰਧੀ ਜਾਣਕਾਰੀ ਹੋਵੇ। ਡਿਪਟੀ ਕਮਿਸ਼ਨਰ ਨੇ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਜ਼ਿਲ੍ਹਾ ਸਹਿਕਾਰਤਾ ਵਿਕਾਸ ਕਮੇਟੀ ਵੱਲੋਂ ਮੋਨੀਟਰ ਕੀਤੀਆਂ ਜਾਂਦੀਆਂ ਸਾਰੀਆਂ ਯੋਜਨਾਵਾਂ ਸੰਬੰਧੀ ਹੇਠਲੇ ਪੱਧਰ 'ਤੇ ਜਾਣਕਾਰੀ ਮੁਹੱਈਆ ਕਰਵਾਈ ਜਾਵੇ ਤਾਂ ਜੋ ਹਰ ਇਕ ਲੋੜਵੰਦ ਵਿਅਕਤੀ ਆਪਣੀ-ਆਪਣੀ ਰੁਚੀ ਅਤੇ ਯੋਗਤਾ ਅਨੁਸਾਰ ਇਨ੍ਹਾਂ ਯੋਜਨਾਵਾਂ ਦਾ ਲਾਭ ਲੈ ਸਕੇ।

ਉਨ੍ਹਾਂ ਕਿਹਾ ਕਿ ਜ਼ਿਲ੍ਹੇ 'ਚ 142 ਤੋਂ ਵੱਧ ਕੋ-ਅਪ੍ਰੇਟਿਵ ਸੋਸਾਇਟੀਆਂ ਕੰਮ ਕਰ ਰਹੀਆਂ ਹਨ ਅਤੇ 400 ਤੋਂ ਵੱਧ ਪਿੰਡਾਂ 'ਚ ਇਹ ਕੰਮ ਕਰ ਰਹੀਆਂ ਹਨ। ਉਨ੍ਹਾਂ ਨੇ ਵੱਖ-ਵੱਖ ਸਕੀਮਾਂ ਜਿਨ੍ਹਾਂ ਵਿੱਚ ਕੋ-ਅਪ੍ਰੇਟਿਵ ਸੋਸਾਇਟੀਆਂ ਵਲੋਂ ਕੰਮ ਕੀਤਾ ਜਾ ਰਿਹਾ ਹੈ ਵਿਸਥਾਰ ਨਾਲ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ(ਪੇਂ.ਵਿ)ਦਵਿੰਦਰ ਕੁਮਾਰ, ਡਿਪਟੀ ਡਾਇਰੈਕਟਰ ਪਸ਼ੂ ਪਾਲਣ ਅਤੇ ਡੇਅਰੀ ਵਿਕਾਸ ਵਲੋਂ ਡਾ. ਜਗਵਿੰਦਰ, ਡੇਅਰੀ ਵਿਕਾਸ ਇੰਸਪੈਕਸਟ ਆਸ਼ੂ ਤੋਸ਼, ਮੱਛੀ ਪਾਲਣ ਵਿਭਾਗ ਵਲੋਂ ਗੁਰਜੀਤ ਸਿੰਘ, ਖੇਤੀਬਾੜੀ ਅਫ਼ਸਰ ਰਾਜ ਕੁਮਾਰ, ਜ਼ਿਲ੍ਹਾ ਮੈਨੇਜਰ ਮਾਰਕਫੈਡ ਨਵਿਤਾ ਤੋਂ ਇਲਾਵਾ ਹੋਰ ਵੀ ਅਧਿਕਾਰੀ ਹਾਜ਼ਰ ਸਨ।

ਮਾਨਵਤਾ ਸੇਵਾ ਸੁਸਾਇਟੀ ਰਾਸ਼ਨ ਤੇ ਡਾਕਟਰੀ ਸਹਾਇਤਾ ਲੈ ਕੇ ਰਵਾਨਾ

ਟਾਂਡਾ ਉੜਮੁੜ (ਜਸਵਿੰਦਰ ਸੰਧੂ , ਉਂਕਾਰ ਸਿੰਘ)- ਬੀਤੇ ਦਿਨਾਂ 'ਚ ਭਾਰੀ ਬਾਰਿਸ਼ ਹੋਣ ਕਾਰਨ ਅਤੇ ਡੈਮਾਂ 'ਚੋਂ ਪਾਣੀ ਛੱਡਣ ਕਾਰਨ ਜਿੱਥੇ ਪੰਜਾਬ ਵਿਚ ਹੜ੍ਹ ਵਰਗਾ ਮਾਹੌਲ ਬਣਿਆ ਹੋਇਆ ਹੈ ਉਥੇ ਸਾਹਕੋਟ, ਮਲਸ਼ੀਆਂ ਅਤੇ ਸੁਲਤਾਨਪੁਰ ਲੋਧੀ ਆਦਿ ਦੇ ਪਿੰਡਾਂ ਦੇ ਘਰਾਂ 'ਚ ਪਾਣੀ ਆਉਣ ਕਾਰਨ ਲੋਕਾਂ ਨੂੰ ਖਾਣ ਪੀਣ ਦੇ ਲਾਲੇ ਪਏ ਹੋਏ ਹਨ। ਅਜਿਹੇ ਮੌਕੇ ਲੋਕਾਂ ਦੀ ਸਹਾਇਤਾਂ ਵਜੋਂ ਉਨ੍ਹਾਂ ਨੂੰ ਰਾਸ਼ਨ ਸਮਗਰੀ, ਪੀਣ ਵਾਲੇ ਪਾਣੀ ਤੋਂ ਇਲਾਵਾ ਡਾਕਟਰੀ ਸਹਾਇਤਾ ਮੁਹੱਈਆ ਕਰਵਾਉਣ ਲਈ ਮਾਨਵਤਾ ਸੇਵਾ ਸੁਸਾਇਟੀ ਨੰਗਲ ਖੁੰਗਾ ਦੇ ਪ੍ਰਧਾਨ ਅਵਤਾਰ ਸਿੰਘ ਤਾਰੀ ਦੀ ਅਗਵਾਈ ਵਿੱਚ ਇੱਕ ਹਜ਼ਾਰ ਪਰਵਾਰਾਂ ਨੂੰ ਸਹਾਇਤਾ ਪਹੁੰਚਾਉਣ ਲਈ ਜਥਾ ਰਵਾਨਾ ਹੋਇਆ, ਜਿਸ ਨੂੰ ਸੰਤ ਬਾਬਾ ਨਰੇਸ਼ ਗਿਰੀ ਮਹਾਰਾਜ ਨੰਗਲ ਖੁੰਗਾ ਵਾਲੇ, ਸੰਤ ਬਾਬਾ ਸੋਢੀ ਸ਼ਾਹ ਚੋਲੀਪੁਰ ਵਾਲੇ ਅਤੇ ਸੰਤ ਬਾਬਾ ਬਲਵੰਤ ਸ਼ਾਹ ਦਾਰਾਪੁਰ ਵਾਲਿਆਂ ਨੇ ਅਰਦਾਸ ਕਰਕੇ ਟੈਂਪੂ ਰਵਾਨਾ ਕੀਤਾ। ਇਸ ਮੌਕੇ ਅਵਤਾਰ ਸਿੰਘ ਤਾਰੀ ਨੇ ਕਿਹਾ ਕਿ ਸਾਡੀ ਮਾਨਵਤਾ ਸੇਵਾ ਸੁਸਾਇਟੀ ਭੁਚਾਲ ਤੇ ਹੜ੍ਹ ਪੀੜਤਾਂ ਤੋਂ ਇਲਾਵਾ ਮਾਨਵਤਾ ਦੀ ਸੇਵਾ ਲਈ ਹਮੇਸ਼ਾ ਤਿਆਰ-ਬ-ਤਿਆਰ ਰਹਿੰਦੀ ਹੈ ਅਤੇ ਜ਼ਰੂਰਤ ਅਨੁਸਾਰ ਹੜ੍ਹ ਪੀੜਤਾਂ ਨੂੰ ਡਾਕਟਰੀ ਸਹਾਇਤਾ ਤੋਂ ਇਲਾਵਾ ਰਾਸਨ ਸਮੱਗਰੀ ਤੇ ਲੰਗਰ ਆਦਿ ਪਹੁੰਚਾਉਂਦੀ ਹੈ। ਉਨ੍ਹਾਂ ਕਿਹਾ ਕਿ ਔਖੇ ਵੇਲੇ ਲੋੜਵੰਦਾਂ ਦੀ ਸਹਾਇਤਾ ਕਰਨਾ ਹਰ ਇੱਕ ਇਨਸਾਨ ਦਾ ਫਰਜ ਬਣਦਾ ਹੈ। ਉਨ੍ਹਾਂ ਕਿਹਾ ਕਿ ਅੱਜ ਅਸੀਂ ਇਸ ਟੈਂਪੂ ਵਿੱਚ ਇਕ ਹਜ਼ਾਰ ਪਰਵਾਰਾਂ ਲਈ ਰਾਸ਼ਨ ਸਮੱਗਰੀ ਤੇ ਪੀਣ ਵਾਲੇ ਪਾਣੀ ਤੋਂ ਇਲਾਵਾ ਦਵਾਈਆਂ ਆਦਿ ਲੈ ਕੇ ਜਾ ਰਹੇ ਹਾਂ ਤਾਂ ਜੋ ਲੋੜਵੰਦ ਪਰਵਾਰਾਂ ਤੇ ਮਰੀਜਾਂ ਨੂੰ ਹਰ ਪੱਖੋਂ ਸਹਾਇਤਾ ਮੁਹੱਈਆ ਕਰਵਾਈ ਜਾ ਸਕੇ। ਇਸ ਮੌਕੇ ਸੁਸਾਇਟੀ ਦੇ ਮੀਤ ਪ੍ਰਧਾਨ ਸਰਬਜੀਤ ਸਿੰਘ, ਸਤਪਾਲ ਸਿੰਘ, ਸੁਰਜੀਤ ਸਿੰਘ, ਸਤਨਾਮ ਸਿੰਘ, ਨਰਿੰਦਰ ਸਿੰਘ, ਮਨਦੀਪ ਸਿੰਘ, ਮਨੀਸ਼ ਕੁਮਾਰ, ਬਲਜੀਤ ਸਿੰਘ ਜੱਗਾ, ਡਾਕਟਰ ਸੁਖਵਿੰਦਰ ਸਿੰਘ, ਜੋਤੀ, ਡਾਕਟਰ ਨਿਰੇਸ਼ ਕੁਮਾਰ ਬਲਾਚੌਰ, ਜਸਵੀਰ ਸਿੰਘ ਮਿੱਠਾ, ਨਵਰਾਜ ਦੀਪ ਸਿੰਘ, ਚਰਨਦੀਪ ਸਿੰਘ, ਬਲਵਿੰਦਰ ਸਿੰਘ ਤੱਖੀ, ਗੁਰਨਾਮ ਸਿੰਘ, ਸਰਬਜੀਤ ਸਿੰਘ ਪੱਪੀ ਅਤੇ ਹੋਰ ਹਾਜ਼ਰ ਸਨ।

ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਮਗਨਰੇਗਾ ਵਰਕਰਾਂ ਨੂੰ ਘੱਟੋ-ਘੱਟ ਉਜਰਤ ਤਹਿਤ ਦਿਹਾੜੀ ਤੇ ਕਿਰਾਇਆ ਦੇਣ ਦੀ ਮੰਗ

ਕਰਤਾਰਪੁਰ (ਹਰਮੇਸ਼ ਦੱਤ) ਬਲਾਕ ਵਿਕਾਸ ਤੇ ਪੰਚਾਇਤ ਅਫਸਰ ਜਲੰਧਰ ਪੱਛਮੀ ਅਧੀਨ ਪੈਂਦੇ ਪਿੰਡ ਘੁੱਗਸੋਰ, ਦਿਆਲਪੁਰ, ਕੁੱਦੋਵਾਲ, ਨੰਗਲ ਮਨੋਹਰ, ਹੇਲਰ, ਵਰਿਆਣਾ, ਅਲੀਖੇਲ, ਅੰਬੀਆਂ ਤੋਹਫਾ, ਰਾਮ ਸਿੰਘ ਪੁਰ, ਕਾਹਲਵਾਂ, ਅੰਬਗੜ, ਕਾਲਾ ਬਾਹੀਆਂ, ਨੂਸੀ, ਸੂਰਾਂ, ਧਾਲੀਵਾਲ ਕਾਦੀਆਂ, ਪੱਤੜ ਖੁਰਦ, ਮੱਲੀਆਂ, ਪੱਸਣ, ਬੱਲ, ਦੁੱਗਰੀ ਅਤੇ ਮੰਡ ਤੋਂ 500 ਦੇ ਕਰੀਬ ਮਗਨਰੇਗਾ ਵਰਕਰਾਂ ਵੱਲੋਂ ਹੜ੍ਹ ਕਾਰਨ ਧੁੱਸੀ ਬੰਨ੍ਹ 'ਚ ਪਏ ਪਾੜ ਨੂੰ ਪੂਰਨ ਲਈ ਸੰਗੀ ਪੱਧਰ 'ਤੇ ਮਿੱਟੀ, ਕੰਕਰੀਟ ਦੇ ਸੈਂਕੜੇ ਬੋਰੇ ਭਰ ਕੇ ਹੜ੍ਹ ਪ੍ਰਭਾਵਿਤ ਇਲਾਕਿਆਂ ਨੂੰ ਭੇਜਣ ਦੇ ਕਾਰਜ ਕੀਤੇ ਜਾ ਰਹੇ ਹਨ ਤਾਂ ਜੋ ਧੁੱਸੀ ਬੰਨ੍ਹ 'ਚ ਪਏ ਪਾੜ ਨੂੰ ਪੂਰਿਆਂ ਜਾ ਸਕੇ। ਮੌਕੇ 'ਤੇ ਵੇਖਿਆ ਗਿਆ ਕਿ ਔਤ ਦੀ ਗਰਮੀਂ ਅਤੇ ਹੁੰਮਸ ਭਰੇ ਮੌਸਮ 'ਚ ਪੂਰੀ ਤਨਦੇਹੀ ਨਾਲ ਜੁੱਟੇ ਮਗਨਰੇਗਾ ਵਰਕਰਾਂ ਤੋਂ ਕਰਵਾਏ ਜਾ ਰਹੇ ਇਹਨਾਂ ਕਾਰਜਾਂ ਦੀ ਨਿਗਰਾਨੀ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਜਲੰਧਰ ਪੱਛਮੀ ਸੇਵਾ ਸਿੰਘ, ਏ ਪੀ ਓ ਰਵਿੰਦਰ ਗੋਇਲ, ਗ੍ਰਾਮ ਸੇਵਕ ਨਰਿੰਦਰ ਸਿੰਘ, ਮਨਦੀਪ ਕੌਰ, ਮਨਿੰਦਰ ਸਿੰਘ, ਸੁਖਵੰਤ ਸਿੰਘ, ਸੰਦੀਪ ਕਲੇਰ, ਹਰਦੀਪ ਸਿੰਘ, ਮਗਨਰੇਗਾ ਮੇਟ ਬਲਵਿੰਦਰ ਕੌਰ ਆਦਿ ਕਰ ਰਹੇ ਹਨ। ਇਸ ਦੌਰਾਨ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰੈਸ ਸਕੱਤਰ ਕਸ਼ਮੀਰ ਸਿੰਘ ਘੁੱਗਸੋਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਇੱਕ ਪਾਸੇ ਕਹਿ ਰਹੇ ਰਾਹਤ ਕਾਰਜਾਂ ਲਈ ਦਿਹਾੜੀ ਭਾਵੇਂ ਦੁੱਗਣੀ ਦੇਣੀ ਪਵੇ ਉਹ ਵੀ ਦੇ ਕੇ ਰਾਹਤ ਕਾਰਜਾਂ ਨੂੰ ਨੇਪਰੇ ਚਾੜ੍ਹਿਆ ਜਾਵੇਗਾ, ਮਗਨਰੇਗਾ ਵਰਕਰਾਂ ਨੂੰ ਮਗਨਰੇਗਾ 'ਚੋਂ ਪ੍ਰਤੀ ਦਿਹਾੜੀ 303 ਰੂਪਏ ਦਿੱਤੇ ਜਾਣਗੇ ਪ੍ਰੰਤੂ ਦੂਜੇ ਪਾਸੇ ਔਤ ਦੀ ਪੈ ਰਹੀ ਗਰਮੀਂ ਹੁੰਮਸ ਭਰੇ ਮੌਸਮ 'ਚ ਵੀ ਪੱਲਿਓ ਕਿਰਾਏਦਾਰ ਭਾੜੇ ਖਰਚ ਕੇ ਇਮਾਨਦਾਰੀ ਨਾਲ ਇਹਨਾਂ ਕਾਰਜਾਂ 'ਚ ਡਟੇ ਹੋਏ ਹਨ। ਯੂਨੀਅਨ ਵੱਲੋਂ ਮਗਨਰੇਗਾ ਵਰਕਰਾਂ ਦੀ ਦਿਹਾੜੀ ਘੱਟੋ ਘੱਟ ਉਜ਼ਰਤ ਬਰਾਬਰ ਦੇਣ ਅਤੇ ਵਰਕਰਾਂ ਨੂੰ ਕਿਰਾਏ ਦਾ ਭੁਗਤਾਨ ਕਰਨ ਦੀ ਮੰਗ ਵੀ ਕੀਤੀ ਗਈ।

ਸਕੂਲ ਮੈਨੇਜਰਾਂ ਦੀ ਭਰਤੀ ਬੇਰੁਜ਼ਗਾਰਾਂ 'ਚੋਂ ਰੈਗੂਲਰ ਕੀਤੀ ਜਾਵੇ : ਡੀ ਟੀ ਐਫ

ਜਲੰਧਰ (ਕੇਸਰ) ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ 'ਚ ਕੈਂਪਸ ਮੈਨੇਜਰਾਂ ਦੀ ਬਾਹਰੀ ਸਰੋਤਾਂ ਰਾਹੀਂ ਭਰਤੀ ਕੀਤੇ ਜਾਣ ਦਾ ਵਿਰੋਧ ਕਰਦਿਆ ਇਨ੍ਹਾਂ ਅਸਾਮੀਆਂ 'ਤੇ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਨੇ ਬੇਰੁਜ਼ਗਾਰ ਨੌਜਵਾਨਾਂ ਦੀ ਰੈਗੂਲਰ ਭਰਤੀ ਕਰਨ ਦੀ ਮੰਗ ਕੀਤੀ। ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ, ਸੀਨੀਅਰ ਮੀਤ ਪ੍ਰਧਾਨ ਸਰਵਨ ਸਿੰਘ ਔਜਲਾ, ਮੀਤ ਪ੍ਰਧਾਨ ਸੁਖਵਿੰਦਰ ਸੁੱਖੀ, ਜਨਰਲ ਸਕੱਤਰ ਬਲਬੀਰ ਲੌਂਗੋਵਾਲ, ਜਥੇਬੰਦਕ ਸਕੱਤਰ ਕਰਨੈਲ ਸਿੰਘ ਚਿੱਟੀ, ਪ੍ਰੈਸ ਸਕੱਤਰ ਗੁਰਮੀਤ ਸਿੰਘ ਕੋਟਲੀ ਅਤੇ ਪ੍ਰੈਸ ਸਕੱਤਰ ਜਸਵਿੰਦਰ ਸਿੰਘ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਜਿਹੜੀ ਆਮ ਆਦਮੀ ਪਾਰਟੀ ਚੋਣਾਂ ਤੋਂ ਪਹਿਲਾ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਅਤੇ ਬੇਰੁਜ਼ਗਾਰਾਂ ਨੂੰ ਰੈਗੂਲਰ ਦੇਣ ਦੇ ਵਾਅਦੇ ਕਰਦੀ ਸੀ, ਉਹ ਸੱਤਾ ਹਥਿਆਉਣ ਤੋਂ ਬਾਅਦ ਪਹਿਲੀਆਂ ਸਰਕਾਰਾਂ ਵਾਂਗ ਠੇਕਾ ਅਧਾਰਿਤ ਭਰਤੀ ਕਰਕੇ ਡੰਗ ਟਪਾਉਣ ਲੱਗ ਪਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿਚ 150 ਸਕੂਲ ਕੈਂਪਸ ਮੈਨੇਜਰ ਦੀਆਂ ਅਸਾਮੀਆਂ ਰੈਗੂਲਰ ਭਰਨ ਦੀ ਬਜਾਇ ਪੰਜਾਬ ਐਕਸ ਸਰਵਿਸਮੈਨ ਕਾਰਪੋਰੇਸਨ (ਪੋਸਕੋ) ਰਾਂਹੀ ਕੇਂਦਰ ਸਰਕਾਰ, ਪੰਜਾਬ ਸਰਕਾਰ ਜਾਂ ਸਥਾਨਿਕ ਸਰਕਾਰਾਂ 'ਚੋਂ ਭਰਤੀ ਕਰਨ ਦਾ ਫੈਸਲਾ ਕਰਕੇ ਬੇਰੁਜ਼ਗਾਰਾਂ ਨਾਲ ਕੋਝਾ ਮਜਾਕ ਕੀਤਾ ਹੈ। ਸੂਬਾਈ ਅਧਿਆਪਕ ਆਗੂਆਂ ਨੇ ਕਿਹਾ ਕਿ ਬੇਰੁਜ਼ਗਾਰੀ ਨੂੰ ਦੂਰ ਕਰਨ ਦੇ ਵੱਡੇ-ਵੱਡੇ ਦਮਗਜੇ ਕਰਨ ਵਾਲੀ ਆਪ ਸਰਕਾਰ ਦੇ ਉ

15-JULY-PAGE-10.qxd 7/14/2023 10:01 PM Page 1

ਘੱਗਰ 'ਚ ਆਏ ਹੜ੍ਹ ਨਾਲ ਦੋ ਦਰਜਨ ਪਿੰਡਾਂ ਦਾ ਸੰਪਰਕ ਟੁੱਟਿਆ

ਦਿੱਲੀ-ਸੰਗਰੂਰ ਕੌਮੀ ਮੁੱਖ ਮਾਰਗ 'ਤੇ ਪਾਣੀ ਚੜ੍ਹਨ ਕਾਰਨ ਆਵਾਜਾਈ ਠੱਪ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਪਿਛਲੇ ਦੋ ਦਿਨਾਂ ਤੋਂ ਪਾਤੜਾਂ ਇਲਾਕੇ ਵਿੱਚ ਘੱਗਰ ਦਰਿਆ ਵਿੱਚ ਆਏ ਭਿਆਨਕ ਹੜ੍ਹਾਂ ਕਾਰਨ ਦੋ ਦਰਜਨ ਦੇ ਕਰੀਬ ਪਿੰਡਾਂ ਦਾ ਸੰਪਰਕ ਆਪਸ ਵਿੱਚ ਟੁੱਟ ਗਿਆ ਹੈ। ਇਸ ਦੌਰਾਨ ਦਿੱਲੀ-ਸੰਗਰੂਰ ਕੌਮੀ ਮੁੱਖ ਮਾਰਗ ਉਪਰੋਂ ਲੰਘ ਰਹੇ ਘੱਗਰ ਦੇ ਪਾਣੀ ਕਰਕੇ ਪ੍ਰਸ਼ਾਸਨ ਵੱਲੋਂ ਦਿੱਲੀ-ਸੰਗਰੂਰ ਕੌਮੀ ਮੁੱਖ ਮਾਰਗ ਉਤੇ ਆਵਾਜਾਈ ਮੁਕੰਮਲ ਰੂਪ ਵਿੱਚ ਬੰਦ ਕਰ ਦਿੱਤੀ ਹੈ। ਹੜ੍ਹਾਂ ਦੇ ਪਾਣੀ ਵਿੱਚੋਂ ਲੰਘਣ ਦੀ ਕੋਸ਼ਿਸ਼ ਕਰ ਰਹੇ ਦੋ ਟਰੱਕ ਪਾਣੀ ਵਿੱਚ ਫਸ ਗਏ, ਜਿਨ੍ਹਾਂ ਵਿੱਚੋਂ ਇੱਕ ਟਰੱਕ ਪਾਣੀ ਦੇ ਤੇਜ਼ ਵਹਾਅ ਵਿੱਚ ਪਲਟ ਗਿਆ, ਜਿਸ ਦੇ ਡਰਾਈਵਰ ਤੇ ਸਹਾਇਕ ਨੂੰ ਆਸ-ਪਾਸ ਦੇ ਲੋਕਾਂ ਵੱਲੋਂ ਤੁਰੰਤ ਹਰਕਤ 'ਚ ਆਉਂਦਿਆਂ ਬਚਾਅ ਲਿਆ ਗਿਆ, ਜਦਕਿ ਦੂਜੇ ਪਾਣੀ ਵਿੱਚ ਫਸੇ ਟਰੱਕ ਚਾਲਕਾਂ ਨੂੰ ਐੱਨ ਡੀ ਆਰ ਐੱਫ ਦੀ ਟੀਮ ਨੇ ਮੌਕੇ 'ਤੇ ਪਹੁੰਚ ਕੇ ਪਾਣੀ ਵਿੱਚੋਂ ਸੁਰੱਖਿਅਤ ਬਾਹਰ ਕੱਢਿਆ। ਜਾਣਕਾਰੀ ਅਨੁਸਾਰ ਹੜ੍ਹਾਂ ਦੇ ਪਾਣੀ 'ਚ ਘਿਰੇ ਇਲਾਕੇ ਪਿੰਡਾਂ ਵਿੱਚੋਂ ਘੱਗਰ ਦੇ ਪਿੰਡ ਗੁਰੂ ਨਾਨਕਪੁਰਾ, ਕਾਂਗਥਲਾ, ਮਤੋਲੀ, ਤੇਈਪੁਰ, ਸਾਗਰਾਂ ਡੇਰਾ ਗੋਬਿੰਦਪੁਰਾ, ਚਿੱਚੜਵਾਲਾ, ਰਸੌਲੀ ਤੇ ਡੇਰਾ ਜਹਾਂਗੀਰ, ਕਰਤਾਰਪੁਰ, ਸਧਾਰਨਪੁਰ, ਨਵਾਂ ਪਿੰਡ ਕਲਵਾਣੂ, ਬਾਦਸ਼ਾਹਪੁਰ, ਸਿਉਨਾ, ਕਾਠ, ਰਾਮਪੁਰ ਪੜਤਾ, ਉਗੋਕੇ, ਧੂੜੀਆਂ, ਜੋਗੇਵਾਲਾ ਤੇ ਗੁਲਾਹੜ ਆਦਿ ਪਿੰਡਾਂ ਦਾ ਸੰਪਰਕ ਟੁੱਟ ਚੁੱਕਾ ਹੈ, ਜਦੋਂਕਿ ਦਰਜਨ ਦੇ ਕਰੀਬ ਹੋਰ ਪਿੰਡ ਪਾਣੀ ਦੀ ਮਾਰ ਹੇਠ ਆਏ ਹੋਏ ਹਨ। ਹੜ੍ਹਾਂ ਦੇ ਪਾਣੀ ਵਿੱਚ ਘਿਰੇ ਲੋਕਾਂ ਦੀ ਜਾਨ ਬਚਾਉਣ ਲਈ ਸਿਵਲ ਤੇ ਪੁਲਸ ਪ੍ਰਸ਼ਾਸਨ ਦੇ ਨਾਲ ਨਾਲ ਐੱਨ ਡੀ ਆਰ ਐੱਫ ਤੇ ਫੌਜ ਦੇ ਜਵਾਨ ਲੱਗੇ ਹੋਏ ਹਨ। ਵੱਖ ਵੱਖ ਟੀਮਾਂ ਬਣਾ ਕੇ ਕਿਸ਼ਤੀਆਂ ਦੀ ਮਦਦ ਨਾਲ ਲੋਕਾਂ ਨੂੰ ਕੱਢਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਸ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਪਟਿਆਲਾ ਸ਼ਾਕਸੀ ਸਾਹਨੀ ਤੇ ਐੱਸ ਐੱਸ ਪੀ ਪਟਿਆਲਾ ਵਰੁਣ ਸ਼ਰਮਾ ਨੇ ਹੜ੍ਹ ਪੀੜਤ ਇਲਾਕਿਆਂ ਦਾ ਦੌਰਾ ਕਰਨ ਉਪਰੰਤ ਪਾਤੜਾਂ ਪ੍ਰਸ਼ਾਸਨ ਨਾਲ ਮੀਟਿੰਗ ਕਰਕੇ ਰਾਹਤ ਕੰਮਾਂ ਦਾ ਜਾਇਜ਼ਾ ਲਿਆ। ਮੁੱਖ ਮਾਰਗ 'ਤੇ ਆਵਾਜਾਈ ਰੋਕ ਦਿੱਤੇ ਜਾਣ ਕਰਕੇ ਮਾਲਵਾ ਖੇਤਰ ਦੇ ਵੱਡੇ ਹਿੱਸੇ ਦਾ ਦੇਸ਼ ਦੀ ਰਾਜਧਾਨੀ ਦਿੱਲੀ ਨਾਲੋਂ ਸੰਪਰਕ ਖਤਮ ਹੋ ਗਿਆ ਹੈ। ਇਸ ਕੌਮੀ ਸ਼ਾਹਰਾਹ ਤੋਂ ਲੰਘਣ ਵਾਲੇ ਵੱਡੇ ਵਾਹਨਾਂ ਦੀ ਆਵਾਜਾਈ ਪ੍ਰਭਾਵਿਤ ਹੋਈ ਹੈ ਤੇ ਟਰੱਕਾਂ ਦੀਆਂ ਲੰਬੀਆਂ ਲੰਬੀਆਂ ਲਾਈਨਾਂ ਲੱਗ ਗਈਆਂ, ਜਦੋਂਕਿ ਛੋਟੇ ਵਾਹਨ ਮੋਟਰਸਾਈਕਲ ਤੇ ਕਾਰ ਚਾਲਕ ਦੋਹਾਂ ਪਾਸਿਆਂ ਤੋਂ ਹੜ੍ਹਾਂ ਦੇ ਪਾਣੀ 'ਚ ਘਿਰੀ ਭਾਖੜਾ ਨਹਿਰ ਦੀਆਂ ਕੱਚੀਆਂ ਪਟੜੀਆਂ ਉੱਤੋਂ ਆਪਣੀਆਂ ਜਾਨਾਂ ਜੋਖਮ 'ਚ ਪਾ ਕੇ ਲੰਘ ਰਹੇ ਹਨ।

ਲੋਕਾਂ ਦੀ ਖੱਜਲ-ਖੁਆਰੀ ਦਾ ਸਬੱਬ ਬਣਿਆ ਸੇਵਾ ਕੇਂਦਰ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅਤਰੀ)

ਸਬ-ਤਹਿਸੀਲ ਲੌਂਗੋਵਾਲ ਵਿਚ ਬਣਿਆ ਸੇਵਾ ਕੇਂਦਰ ਅੱਜ ਕੱਲ੍ਹ ਇਲਾਕੇ ਦੇ ਲੋਕਾਂ ਲਈ ਖੱਜਲ ਖੁਆਰੀ ਦਾ ਕੇਂਦਰ ਬਣ ਚੁੱਕਿਆ ਹੈ। ਹਾਲਾਤ ਇਹ ਹਨ ਕਿ ਲੋਕਾਂ ਨੂੰ ਆਪਣੇ ਕੰਮ ਕਰਵਾਉਣ ਲਈ ਸਵੇਰੇ ਪੰਜ ਵਜੇ ਹੀ ਬਿਨਾਂ ਚਾਹ ਪਾਣੀ ਪੀਤੇ ਆ ਕੇ ਲਾਈਨ ਵਿਚ ਲੱਗਣਾ ਪੈਂਦਾ ਹੈ ਪਰ ਇਸ ਦੇ ਬਾਵਜੂਦ ਕੋਈ ਗਾਰੰਟੀ ਨਹੀਂ ਕਿ ਉਨ੍ਹਾਂ ਦਾ ਕੰਮ ਹੋਵੇਗਾ ਜਾ ਨਹੀਂ। ਕਿਉਕਿ ਲਾਈਨ ਵਿਚ ਲੱਗੇ ਲੋਕਾਂ ਵਿੱਚੋਂ 9 ਵਜੇ ਦੇ ਕਰੀਬ ਸੇਵਾ ਕੇਂਦਰ ਦੇ ਮੁਲਾਜ਼ਮਾਂ ਵੱਲੋਂ ਸਿਰਫ 25-30 ਲੋਕਾਂ ਨੂੰ ਹੀ ਟੋਕਨ ਦਿੱਤੇ ਜਾਂਦੇ ਹਨ ਅਤੇ ਬਾਕੀ ਲੋਕ ਮੱਥੇ ਤੇ ਹੱਥ ਮਾਰ ਕੇ ਘਰਾਂ ਨੂੰ ਮੁੜ ਜਾਂਦੇ ਹਨ ਅਤੇ ਜੋ ਲੋਕ ਕਿਸੇ ਜ਼ਰੂਰੀ ਕੰਮ ਲਈ ਦਿਨ ਵੇਲੇ ਆਉਂਦੇ ਹਨ ਉਨ੍ਹਾਂ ਲਈ ਤਾਂ ਕੋਈ ਵੀ ਉਮੀਦ ਬਾਕੀ ਨਹੀਂ ਰਹਿੰਦੀ। ਉਨ੍ਹਾਂ ਨੂੰ ਅਗਲੀ ਸਵੇਰ ਆ ਕੇ ਲਾਈਨ ਵਿੱਚ ਲੱਗਣਾ ਪੈਂਦਾ ਹੈ। ਭਗਵੰਤ ਮਾਨ ਸਰਕਾਰ ਇਕ ਪਾਸੇ ਲੋਕਾਂ ਨੂੰ ਘਰ ਘਰ ਸੇਵਾਵਾਂ ਦੇਣ ਦੀਆ ਵਿਉਂਤਾਂ ਬਣਾ ਰਹੀ ਪਰ ਦੂਜੇ ਪਾਸੇ ਸਰਕਾਰ ਦੀਆਂ ਸਖਤ ਹਦਾਇਤਾਂ ਦੇ ਚਲਦਿਆਂ ਵੀ ਸੇਵਾ ਕੇਂਦਰ ਦੀ ਇਹ ਬਦਇੰਤਜਜ਼ਾਮੀ ਲੋਕਾਂ ਵਿਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਲੋਕਾਂ ਦ ਕਹਿਣਾ ਹੈ ਕਿ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਲੋਕਾਂ ਦੀ ਇਸ ਸਮੱਸਿਆ ਵੱਲ ਗੌਰ ਫਰਮਾਉਣੀ ਚਾਹੀਦੀ ਹੈ। ਸਵੇਰੇ 5 ਵਜੇ ਤੋਂ ਲਾਈਨ ਵਿਚ ਖੜ੍ਹੀ ਸਰਬਜੀਤ ਕੌਰ ਨੇ ਇਸ ਮੌਕੇ ਦੱਸਿਆ ਕਿ ਉਹ ਕੱਲ੍ਹ ਵੀ ਸੇਵਾ ਕੇਂਦਰ ਵਿੱਚ ਆਈ ਸੀ ਪਰ ਉਦੋਂ ਸਾਰੇ ਟੋਕਨ ਵੰਡੇ ਜਾ ਚੁੱਕੇ ਸਨ ਅਤੇ ਅੱਜ ਫਿਰ ਸਵੇਰੇ 5 ਵਜੇ ਤੋਂ ਆਪਣੀ ਬੇਟੀ ਨੂੰ ਨਾਲ ਲੈ ਕੇ ਲਾਈਨ ਵਿੱਚ ਖੜ੍ਹੀ ਹਾਂ। ਉਸ ਨੇ ਕਿਹਾ ਮਜਬੂਰੀ ਵੱਸ ਖੜ੍ਹਨਾ ਪੈਂਦਾ ਹੈ ਪਰ ਇਹ ਖੱਜਲ ਖੁਆਰੀ ਸ਼ਰਮਨਾਕ ਹੈ। ਇਸ ਮੌਕੇ ਸਮਾਜ ਸੇਵਕ ਅਤੇ ਕਾਂਗਰਸੀ ਆਗੂ ਜਗਪਾਲ ਸਿੰਘ ਸੰਮੀ ਨੇ ਕਿਹਾ ਕਿ ਸੇਵਾ ਕੇਂਦਰ ਵਿਚੋਂ ਇਕ ਆਮ ਸਰਟੀਫਿਕੇਟ ਲੈਣ ਲਈ ਵੀ ਦੋ ਤਿੰਨ ਦਿਨ ਧੱਕੇ ਖਾਣੇ ਪੈਂਦੇ ਹਨ। ਉਨ੍ਹਾ ਕਿਹਾ ਕਿ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਸਰਕਾਰ ਨੇ ਫੀਸਾਂ ਤਾਂ ਬੇਹੱਦ ਵਧਾ ਦਿੱਤੀਆਂ ਪਰ ਇਸ ਦੇ ਬਾਵਜੂਦ ਲੋਕ ਠੋਕਰਾਂ ਖਾ ਰਹੇ ਹਨ। ਸੇਵਾ ਕੇਂਦਰ ਵਿਚ ਤਾਇਨਾਤ ਮੁਲਾਜ਼ਮ ਮਨਪ੍ਰੀਤ ਸਿੰਘ ਨਾਲ ਗੱਲ ਕੀਤੀ ਤਾਂ ਉਸ ਨੇ ਕਿਹਾ ਕਿ ਬਾਕੀ ਸੇਵਾ ਕੇਂਦਰ ਦੀ ਤਰ੍ਹਾਂ ਇਥੇ ਵੀ ਬਿਨਾਂ ਕਿਸੇ ਭੇਦਭਾਵ ਤੋਂ ਸਵੇਰੇ ਟੋਕਨ ਵੰਡੇ ਜਾਂਦੇ ਹਨ। ਉਸ ਨੇ ਕਿਹਾ ਕਿ ਰੋਜ਼ਾਨਾ 100-150 ਸਿਟੀਜ਼ਨ ਕੰਮ ਲਈ ਆਉਂਦੇ ਹਨ। ਅਸੀਂ 30-35 ਟੋਕਨ ਇਕ ਕਾਊਂਟਰ ਮੁਤਾਬਿਕ ਵੰਡ ਦਿੰਦੇ ਹਾਂ। ਇਥੇ ਸਿਰਫ ਦੋ ਕਾਊਂਟਰ ਹੀ ਹਨ। ਇਕ ਕਾਊਂਟਰ 'ਤੇ ਆਧਾਰ ਕਾਰਡਾਂ ਦਾ ਕੰਮ ਹੁੰਦਾ ਹੈ ਅਤੇ ਦੂਜੇ 'ਤੇ ਬਾਕੀ ਕੰਮ ਹੁੰਦੇ ਹਨ। ਇਸ ਦੌਰਾਨ ਹਲਫਨਾਮੇ ਵੀ ਤਸਦੀਕ ਹੋਣ ਲਈ ਆ ਜਾਂਦੇ ਹਨ। ਜੇਕਰ ਕਾਊਂਟਰ ਵਧਾਏ ਜਾਣ ਤਾਂ ਹੋਰ ਵਧੇਰੇ ਟੋਕਨ ਵੰਡੇ ਜਾ ਸਕਦੇ ਹਨ।

ਹੜ੍ਹ ਪੀੜਤਾਂ ਦੀ ਮਦਦ ਲਈ ਪੂਨਮ ਕਾਂਗੜਾ ਮੈਂਬਰ ਐੱਸ ਸੀ ਕਮਿਸ਼ਨ ਵੀ ਆਏ ਅੱਗੇ

ਸੰਗਰੂਰ (ਪ੍ਰਵੀਨ ਸਿੰਘ)

ਮੈਡਮ ਪੂਨਮ ਕਾਂਗੜਾ ਮੈਂਬਰ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਚੰਡੀਗੜ੍ਹ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਅੱਗੇ ਆਏ ਹਨ ਜਿਨ੍ਹਾਂ ਵੱਲੋਂ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਖੁਦ ਜਾ ਕੇ ਰਾਸ਼ਨ ਅਤੇ ਹੋਰ ਜ਼ਰੂਰਤ ਦਾ ਸਾਮਾਨ ਮੁਹੱਈਆ ਕਰਵਾਇਆ ਜਾ ਰਿਹਾ ਹੈ। ਮੈਡਮ ਪੂਨਮ ਕਾਂਗੜਾ ਨੇ ਪਿਛਲੇ ਕਈ ਦਿਨਾਂ ਤੋਂ ਪੰਜਾਬ ਵਿੱਚ ਭਾਰੀ ਮੀਂਹ ਕਾਰਨ ਆਈ ਹੜ੍ਹਾਂ ਦੀ ਸਥਿਤੀ 'ਤੇ ਚਿੰਤਾ ਜ਼ਾਹਰ ਕਰਦਿਆਂ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਪੰਜਾਬ ਦੀਆਂ ਸਮੂਹ ਸੰਸਥਾਵਾਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਭਾਰੀ ਮੀਂਹ ਨੇ ਕਹਿਰ ਵਰ੍ਹਾਇਆ ਹੈ। ਜ਼ਿਲ੍ਹਾ ਮੁਹਾਲੀ, ਰੋਪੜ, ਨਵਾਂਸ਼ਹਿਰ, ਹੁਸ਼ਿਆਰਪੁਰ, ਪਟਿਆਲਾ, ਲੁਧਿਆਣਾ ਅਤੇ ਸੰਗਰੂਰ ਦੇ ਖਨੌਰੀ, ਮੂਣਕ ਸਣੇ ਕੁਝ ਪਿੰਡਾਂ ਅੰਦਰ ਹਾਲਾਤ ਕਾਫੀ ਨਾਜ਼ੁਕ ਬਣੇ ਹੋਏ ਹਨ। ਇਨ੍ਹਾਂ ਇਲਾਕਿਆਂ ਵਿੱਚ ਲੋਕਾਂ ਦਾ ਵੱਡੇ ਪੱਧਰ 'ਤੇ ਭਾਰੀ ਨੁਕਸਾਨ ਹੋ ਰਿਹਾ ਹੈ ਅਤੇ ਅਨੇਕਾਂ ਲੋਕ ਹੜ੍ਹਾ ਕਾਰਨ ਭਰੇ ਪਾਣੀ ਵਿੱਚ ਫਸੇ ਹੋਏ ਹਨ। ਫਸਲਾਂ ਅਤੇ ਘਰਾਂ ਅੰਦਰ ਪਾਣੀ ਭਰ ਗਿਆ ਹੈ, ਅਨੇਕਾਂ ਪਸ਼ੂਆਂ ਦੀ ਹਾਲਤ ਵੀ ਤਰਸਯੋਗ ਬਣੀ ਹੋਈ ਹੈ। ਇਸ ਔਖੇ ਸਮੇਂ ਵਿੱਚ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਮੁਸੀਬਤ ਵਿੱਚ ਫਸੇ ਲੋਕਾਂ ਦੀ ਮਦਦ ਕਰੀਏ। ਮੈਡਮ ਪੂਨਮ ਕਾਂਗੜਾ ਨੇ ਭਾਰਤੀਯ ਅੰਬੇਡਕਰ ਮਿਸ਼ਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮਿਸ਼ਨ ਦੇ ਸਾਥੀ ਵੱਖ ਵੱਖ ਥਾਵਾਂ 'ਤੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਤਨਦੇਹੀ ਨਾਲ ਮਦਦ ਲਈ ਪੂਰੀ ਤਰ੍ਹਾਂ ਡਟੇ ਹੋਏ ਹਨ। ਉਨ੍ਹਾਂ ਕਿਹਾ ਕਿ ਇਸ ਔਖੀ ਘੜੀ ਵਿੱਚ ਹੋਰ ਸੰਸਥਾਵਾਂ ਨੂੰ ਵੀ ਇਹ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਮੈਡਮ ਕਾਂਗੜਾ ਨੇ ਕਿਹਾ ਕਿ ਹਰ ਵਿਅਕਤੀ ਨੂੰ ਆਪਣੀ ਹੈਸੀਅਤ ਮੁਤਾਬਿਕ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ।

ਕਾਤਰਾਂ

ਜੋਰਾ ਸਿੰਘ ਦੇ ਦੇਹਾਂਤ 'ਤੇ ਦੁੱਖ ਪ੍ਰਗਟ

ਹਠੂਰ (ਨਛੱਤਰ ਸੰਧੂ)-ਪਿੰਡ ਮਾਣੂੰਕੇ ਤੋਂ ਗੁਰਦੁਆਰਾ ਮਹਿਦੇਆਣਾ ਸਾਹਿਬ ਦੀ ਲੰਮੇ ਸਮੇਂ ਤੋਂ ਸੇਵਾ ਨਿਭਾਅ ਰਹੇ ਜੋਰਾ ਸਿੰਘ ਦੇ ਅਕਾਲ ਚਲਾਣਾ ਕਰ ਜਾਣ 'ਤੇ ਐੱਸ ਆਰ ਕਲੇਰ ਸਾਬਕਾ ਵਿਧਾਇਕ ਜਗਰਾਉਂ ਨੇ ਉਨ੍ਹਾ ਦੇ ਬੇਟੇ ਵਰਿੰਦਰਜੀਤ ਸਿੰਘ ਵਿੱਕੀ ਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਸ੍ਰ. ਜੋਰਾ ਸਿੰਘ ਦੀ ਅੰਤਿਮ ਅਰਦਾਸ ਪਿੰਡ ਮਾਣੂੰਕੇ ਦੇ ਗੁਰਦੁਆਰਾ ਟੈਂਟੀਆਣਾ ਸਾਹਿਬ ਵਿਖੇ 16 ਜੁਲਾਈ ਨੂੰ 12 ਵਜੇ ਹੋਵੇਗੀ। ਇਸ ਮੌਕੇ ਯੂਥ ਪ੍ਰਧਾਨ ਜਗਦੀਸ਼ ਸਿੰਘ, ਸਾਬਕਾ ਸਰਪੰਚ ਰੇਸ਼ਮ ਸਿੰਘ, ਪ੍ਰਧਾਨ ਸੁਰਵੇਸ਼ ਕੁਮਾਰ ਗੁਡਗੋ, ਪ੍ਰਧਾਨ ਸੁਖਮੰਦਰ ਸਿੰਘ, ਗੁਰਮਿੰਦਰ ਸਿੰਘ ਜੋਜੋ, ਸੁੱਖਾ ਬਾਵਾ, ਪਰਮਿੰਦਰ ਸਿੰਘ, ਜਗਤਾਰ ਸਿੰਘ, ਕੁਲਵੰਤ ਸਿੰਘ, ਗੁਰਚਰਨ ਸਿੰਘ ਬਾਵਾ, ਦਰਸ਼ਨ ਸਿੰਘ ਤੇ ਹੋਰ ਹਾਜ਼ਰ ਸਨ।

ਹੈਰੋਇਨ ਤੇ ਨਸ਼ੀਲੀਆਂ ਗੋਲੀਆਂ ਸਮੇਤ 3 ਕਾਬੂ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਪੁਲਸ ਵੱਲੋਂ 5 ਗ੍ਰਾਮ ਹੈਰੋਇਨ ਤੇ 300 ਨਸ਼ੀਲੀਆਂ ਗੋਲੀਆਂ ਸਮੇਤ ਅਮਨਜੋਤ ਸਿੰਘ ਵਾਸੀ ਮੰਡ ਉਧੋਵਾਲ, ਰਣਜੀਤ ਸਿੰਘ ਵਾਸੀ ਸਤਿਆਣਾ ਤੇ ਗੁਰਵਿੰਦਰ ਸਿੰਘ ਵਾਸੀ ਰਹੀਮਾਬਾਦ ਖੁਰਦ ਨੂੰ ਕਾਬੂ ਕੀਤਾ ਹੈ। ਸਬ-ਇਸਪੈਕਟਰ ਸੰਤੋਖ ਸਿੰਘ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਸਤਪਾਲ ਸਿੰਘ ਵੱਲੋਂ ਪੁਲਸ ਪਾਰਟੀ ਸਮੇਤ ਗਸ਼ਤ ਕੀਤੀ ਜਾ ਰਹੀ ਸੀ ਤਾਂ ਇੱਕ ਮੋਟਰਸਾਈਕਲ ਪਿੰਡ ਅਢਿਆਣਾ ਵੱਲੋਂ ਆਉਂਦਾ ਦਿਖਾਈ ਦਿੱਤਾ, ਜਿਸ ਉੱਪਰ 3 ਨੌਜਵਾਨ ਸਵਾਰ ਸਨ। ਪੁਲਸ ਪਾਰਟੀ ਨੂੰ ਦੇਖ ਇਹ ਨੌਜਵਾਨ ਸ਼ੱਕੀ ਹਾਲਤ 'ਚ ਵਾਪਸ ਮੁੜਨ ਲੱਗੇ ਤਾਂ ਇਨ੍ਹਾਂ ਨੂੰ ਕਾਬੂ ਕਰ ਲਿਆ ਗਿਆ। ਮੋਟਰਾਈਕਲ ਸਵਾਰ ਨੌਜਵਾਨਾਂ ਦੀ ਪਹਿਚਾਣ ਅਮਨਜੋਤ ਸਿੰਘ, ਰਣਜੀਤ ਸਿੰਘ ਤੇ ਗੁਰਵਿੰਦਰ ਸਿੰਘ ਵਜੋਂ ਹੋਈ ਹੈ। ਪੁਲਸ ਨੇ ਇਨ੍ਹਾਂ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ।

ਸਰਕਾਰੀ ਕਾਲਜ ਮਾਛੀਵਾੜਾ ਦਾ ਬੀ. ਕਾਮ ਦਾ ਨਤੀਜਾ ਸ਼ਾਨਦਾਰ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਰਕਾਰੀ ਕਾਲਜ ਮਾਛੀਵਾੜਾ ਦਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨਿਆ ਬੀ. ਕਾਮ ਭਾਗ ਤੀਜਾ ਦਾ ਨਤੀਜਾ ਸ਼ਾਨਦਾਰ ਰਿਹਾ। ਕਾਲਜ ਪ੍ਰਿੰਸੀਪਲ ਪ੍ਰੋ. ਦੀਪਕ ਚੋਪੜਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਦਿਆਰਥਣ ਮਨਸਹਿਜ ਕੌਰ ਨੇ 85 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਕਾਲਜ 'ਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦਕਿ ਦਿਲਪ੍ਰੀਤ ਕੌਰ ਨੇ 82.5 ਪ੍ਰਤੀਸ਼ਤ ਅੰਕ ਨਾਲ ਦੂਜਾ ਤੇ ਰਮਨਦੀਪ ਕੌਰ ਨੇ 81 ਪ੍ਰਤੀਸ਼ਤ ਅੰਕ ਨਾਲ ਤੀਜਾ ਸਥਾਨ ਹਾਸਲ ਕੀਤਾ। ਕਾਲਜ ਦਾ ਨਤੀਜਾ 100 ਪ੍ਰਤੀਸ਼ਤ ਰਿਹਾ ਤੇ ਸਾਰੇ ਵਿਦਿਆਰਥੀ ਪਹਿਲੇ ਦਰਜੇ 'ਚ ਪਾਸ ਹੋਏ। ਕਾਲਜ ਪ੍ਰਿੰਸੀਪਲ ਨੇ ਵਿਦਿਆਰਥਣਾਂ, ਉਨ੍ਹਾਂ ਦੇ ਮਾਪਿਆਂ, ਵਿਭਾਗ ਮੁਖੀ ਸਹਾਇਕ ਪ੍ਰੋ. ਅਜੈ ਬੱਤਾ ਤੇ ਸਹਾਇਕ ਪ੍ਰੋ. ਪ੍ਰੀਤ ਕਮਲ ਨੂੰ ਵਧਾਈ ਦਿੰਦਿਆਂ ਖੁਸ਼ੀ ਦਾ ਪ੍ਰਗਟਾਵਾ ਕੀਤਾ।

ਸਮਰਾਲਾ ਸਕੂਲ ਦੇ ਵਿਦਿਆਰਥੀ ਦੀ ਚੰਦਰਯਾਨ ਲਾਂਚ ਦੇਖਣ ਲਈ ਚੋਣ

ਸਮਰਾਲਾ (ਸੁਰਜੀਤ ਸਿੰਘ)-ਪੰਜਾਬ ਸਰਕਾਰ ਦੀ ਸਕੀਮ ਤਹਿਤ ਜਿਸ ਵਿੱਚ ਸਿੱਖਿਆ ਵਿਭਾਗ ਨੇ ਸਰਕਾਰ ਦੇ ਖਰਚੇ ਤੇ ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਅੰਕਾਂ ਦੀ ਮੈਰਿਟ ਦੇ ਅਧਾਰ 'ਤੇ ਹਵਾਈ ਯਾਤਰਾ ਰਾਹੀਂ ਸ੍ਰੀ ਹਰੀ ਹਰ ਕੋਟਾ ਵਿਖੇ ਚੰਦਰਯਾਨ ਦੀ ਲਾਈਵ ਲਾਂਚਿੰਗ ਦੇਖਣ ਦਾ ਮੌਕਾ ਦਿੱਤਾ ਹੈ। ਇਸ ਤਹਿਤ ਸਕੂਲ ਆਫ ਐਮੀਨੈਂਸ ਸਰਕਾਰੀ ਸੀਨੀ: ਸੈਕੰ: ਸਕੂਲ (ਲੜਕੇ) ਸਮਰਾਲਾ ਦੇ ਵਿਦਿਆਰਥੀ ਕਰਨਪ੍ਰੀਤ ਸਿੰਘ ਪੁੱਤਰ ਸ੍ਰੀ ਸਰਬਜੀਤ ਸਿੰਘ/ਕਮਲਜੀਤ ਕੌਰ ਨੇ ਸਕੂਲ ਆਫ ਐਮੀਨੈਂਸ ਦੀ ਪ੍ਰੀਖਿਆ 'ਚੋਂ ਸਮਰਾਲਾ ਬਲਾਕ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਸੀ, ਦੀ ਚੋਣ ਸ੍ਰੀ ਹਰੀ ਹਰ ਕੋਟਾ ਵਿਖੇ ਚੰਦਰਯਾਨ ਦੀ ਲਾਈਵ ਲਾਂਚਿੰਗ ਦੇਖਣ ਲਈ ਚੋਣ ਹੋਈ ਹੈ।

ਸਰਕਾਰ ਪੈਨਸ਼ਨਰਾਂ '

15-July-Page-11.qxd 7/14/2023 10:05 PM Page 1

ਭਲਵਾਨੀ ਗੇੜੇ ਨਹੀਂ ਸਾਡੀ ਸਰਕਾਰ ਤਾਂ ਜ਼ਮੀਨੀ ਪੱਧਰ 'ਤੇ ਕੰਮ ਕਰਦੀ ਹੈ : ਈ ਟੀ ਓ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)—ਸੂਬੇ ਵਿੱਚ ਆਈ ਕੁਦਰਤੀ ਆਫਤ ਦਾ ਮੁਕਾਬਲਾ ਕਰਨ ਲਈ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਵੱਲੋਂ ਸਾਰੇ ਮੰਤਰੀਆਂ, ਵਿਧਾਇਕਾਂ ਅਤੇ ਵਰਕਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ ਅਤੇ ਸਾਡੀ ਸਰਕਾਰ ਜ਼ਮੀਨੀ ਪੱਧਰ 'ਤੇ ਇਸ ਕੁਦਰਤੀ ਆਫਤ ਦਾ ਮੁਕਾਬਲਾ ਕਰਨ ਲਈ ਕੰਮ ਕਰ ਰਹੀ ਹੈ ਨਾ ਕਿ ਵਿਰੋਧੀ ਪਾਰਟੀਆਂ ਵਾਂਗ ਭਲਵਾਨੀ ਗੇੜੇ ਮਾਰ ਕੇ ਆਪਣਾ ਨਾਮ ਚਮਕਾਇਆ ਜਾ ਰਿਹਾ ਹੈ। ਇਨ੍ਹਾਂ ਸ਼ਬਦਾ ਦਾ ਪ੍ਰਗਟਾਵਾ ਲੋਕ ਨਿਰਮਾਣ ਅਤੇ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਵੱਲੋਂ ਹਲਕਾ ਜੰਡਿਆਲਾ ਗੁਰੂ ਦੇ ਪਿੰਡ ਨਵਾਂ ਕੋਟ, ਦੇਵੀਦਾਸਪੁਰਾ, ਵਡਾਲਾ ਜੌਹਲ, ਨਰਾਇਣਗੜ੍ਹ ਅਤੇ ਮੱਲੀਆਂ ਦਾ ਦੌਰਾ ਕਰਨ ਉਪਰੰਤ ਕੀਤਾ। ਸ੍ਰ ਈ:ਟੀ:ਓ ਸਭ ਤੋਂ ਪਹਿਲਾਂ ਪਿੰਡ ਨਵਾਂ ਕੋਟ ਵਿਖੇ ਪੁੱਜੇ ਅਤੇ ਮੀਂਹ ਕਾਰਨ ਇਕੱਠੇ ਹੋਏ ਪਾਣੀ ਨੂੰ ਸਾਫ ਕਰਨ ਲਈ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ। ਉਨ੍ਹਾਂ ਦੱਸਿਆ ਕਿ ਨਹਿਰੀ ਵਿਭਾਗ ਵੱਲੋਂ ਜੰਡਿਆਲਾ ਗੁਰੂ ਹਲਕੇ ਵਿੱਚ 5 ਪੁਲਕਿਨ ਸਫਾਈ ਵਾਲੀਆਂ ਮਸ਼ੀਨਾਂ ਲਗਾਈਆਂ ਗਈਆਂ ਹਨ ਜੋ ਕਿ ਡਰੇਨਾਂ ਅਤੇ ਛੱਪੜਾਂ ਦੀ ਸਫਾਈ ਕਰ ਰਹੀਆਂ ਹਨ। ਉਨ੍ਹਾਂ ਇਸ ਮੌਕੇ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਵੀ ਸੁਣਿਆ ਅਤੇ ਪਹਿਲ ਦੇ ਅਧਾਰ ਤੇ ਸ਼ਿਕਾਇਤਾਂ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ ਪੰਡ ਨਵਾਂ ਕੋਟ ਵਿਖੇ ਬਣੇ ਗੁਰਦੁਆਰੇ ਵਿੱਚ ਮੱਥਾ ਟੇਕਿਆ ਅਤੇ ਗੁਰੂਦੁਆਰਾ ਕਮੇਟੀ ਵੱਲੋਂ ਸਿਰੋਪਾਓ ਪਾ ਕੇ ਸਨਮਾਨਤ ਕੀਤਾ।

ਆਪਣੇ ਦੌਰੇ ਦੌਰਾਨ ਈਟੀਓ ਨੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਡਰੇਨਾਂ ਅਤੇ ਛੱਪੜਾਂ ਦੀ ਸਫਾਈ ਨੂੰ ਯਕੀਨੀ ਬਣਾਇਆ ਜਾਵੇ ਅਤੇ ਪਿੰਡਾਂ ਵਿੱਚੋਂ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਵੀ ਯਕੀਨੀ ਬਣੇ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਦੇ ਘਰ ਮੀਂਹ ਨਾਲ ਪ੍ਰਭਾਵਿਤ ਹੋਏ ਹਨ, ਦੀਆਂ ਲਿਸਟਾਂ ਤਿਆਰ ਕਰਕੇ ਭੇਜੀਆਂ ਜਾਣ ਤਾਂ ਜੋ ਬਣਦਾ ਮੁਆਵਜ਼ਾ ਦਿੱਤਾ ਜਾ ਸਕੇ। ਇਸ ਮੌਕੇ ਚੇਅਰਮੈਨ ਗਹਿਰੀ ਮੰਡੀ ਸੂਬੇਦਾਰ ਸ਼ਨਾਖ ਸਿੰਘ, ਐਕਸੀਅਨ ਇੰਦਰਜੀਤ ਸਿੰਘ, ਐਸਈ ਕੁਲਵਿੰਦਰ ਸਿੰਘ, ਐਕਸੀਅਨ ਵਿਸ਼ਾਲ ਮਹਿਤਾ, ਸਤਿੰਦਰ ਸਿੰਘ, ਸੁਖਵਿੰਦਰ ਸਿੰਘ, ਖਜਾਨ ਸਿੰਘ ਮਿਹਰਬਾਨਪੁਰਾ, ਨਰੇਸ਼ ਪਾਠਕ, ਸਰਬਜੀਤ ਸਿੰਘ, ਹਰਪ੍ਰੀਤ ਸਿੰਘ, ਹੀਰਾ ਲਾਲ ਜੌਹਲ, ਹਰਜਿੰਦਰ ਸਿੰਘ ਥਿੰਦ, ਬਲਵਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

ਖ਼ਾਲਸਾ ਕਾਲਜ ਆਫ ਇੰਜੀਨੀਅਰਿੰਗ ਵਿਖੇ ਵੱਖ-ਵੱਖ ਤਰ੍ਹਾਂ ਦੇ ਪੌਦੇ ਲਗਾਏ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਖ਼ਾਲਸਾ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ ਵਿਖੇ ਕੈਂਪਸ ਨੂੰ ਵਾਤਾਵਰਣ ਪੱਖੀ ਅਤੇ ਹਰਿਆ-ਭਰਿਆ ਬਣਾਉਣ ਲਈ ਫਲਦਾਰ ਰੁੱਖ ਲਗਾਉਣ ਸਬੰਧੀ ਮੁਹਿੰਮ ਦਾ ਆਯੋਜਨ ਕੀਤਾ ਗਿਆ। ਕਾਲਜ ਡਾਇਰੈਕਟਰ ਡਾ: ਮੰਜੂ ਬਾਲਾ ਦੀ ਅਗਵਾਈ ਹੇਠ ਵੱਖ-ਵੱਖ ਕਿਸਮਾਂ ਦੇ 100 ਤੋਂ ਵਧੇਰੇ ਕਿੰਨੂ, ਜਾਮੁਨ, ਅੰਜੀਰ, ਨਿੰਬੂ, ਅੰਬ, ਨਾਸ਼ਪਾਤੀ ਅਤੇ ਅਮਰੂਦ ਦੇ ਨਵੇਂ ਬੂਟੇ ਕਾਲਜ ਦੇ ਫੈਕਲਟੀ ਅਤੇ ਵਿਦਿਆਰਥੀਆਂ ਵੱਲੋਂ ਲਗਾਏ ਗਏ। ਇਸ ਮੌਕੇ ਡਾ. ਮੰਜੂ ਬਾਲਾ ਨੇ ਕਿਹਾ ਕਿ ਧਰਤੀ ਦਾ ਵਾਤਾਵਰਣ ਅਸੰਤੁਲਿਤ ਹੋ ਰਿਹਾ ਹੈ ਅਤੇ ਸਾਰੇ ਮਨੁੱਖਾਂ ਦੀ ਸਿਹਤ ਨੂੰ ਪ੍ਰਭਾਵਿਤ ਕਰ ਰਿਹਾ ਹੈ। ਇਸ ਲਈ ਇਹ ਸਮਾਂ ਹੈ ਕਿ ਅਸੀਂ ਆਪਣੇ ਆਲੇ-ਦੁਆਲੇ ਵੱਲ ਧਿਆਨ ਦੇਈਏ ਅਤੇ ਧਰਤੀ ਨੂੰ ਹਰਾ-ਭਰਾ ਬਣਾਉਣ ਲਈ ਕਾਰਜ ਕਰੀਏ। ਉਨ੍ਹਾਂ ਕਿਹਾ ਕਿ ਹਰੇਕ ਵਿਅਕਤੀ ਲਈ ਆਪਣੇ ਜੀਵਨ ਕਾਲ 'ਚ ਘੱਟੋ-ਘੱਟ ਇਕ ਰੁੱਖ ਲਗਾਉਣਾ ਬਹੁਤ ਮਹੱਤਵਪੂਰਨ ਹੈ। ਡਾ. ਮੰਜੂ ਬਾਲਾ ਨੇ ਕਿਹਾ ਕਿ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਰੁੱਖ ਜੀਵਨ, ਵਿਕਾਸ, ਸੁੰਦਰਤਾ ਅਤੇ ਸ਼ਾਂਤੀ ਨੂੰ ਦਰਸਾਉਂਦੇ ਹਨ। ਰੁੱਖ ਸਾਡੇ ਲਈ ਸਾਹ ਛੱਡਦੇ ਹਨ ਤਾਂ ਜੋ ਅਸੀਂ ਉਨ੍ਹਾਂ ਨੂੰ ਜ਼ਿੰਦਾ ਰੱਖਣ ਲਈ ਸਾਹ ਲੈ ਸਕੀਏ। ਉਨ੍ਹਾਂ ਕਿਹਾ ਕਿ ਗਲੋਬਲ ਵਾਰਮਿੰਗ ਅਤੇ ਵੱਧ ਰਹੇ ਕਾਰਬਨ ਫੁੱਟਪ੍ਰਿੰਟਸ ਦੇ ਮੌਜੂਦਾ ਸਖ਼ਤ ਹਾਲਾਤ 'ਚ ਰੁੱਖ ਲਗਾਉਣਾ ਸਮੇਂ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਰੁੱਖ ਲਗਾਉਣਾ ਹੀ ਜ਼ਰੂਰੀ ਨਹੀਂ, ਸਗੋਂ ਰੁੱਖਾਂ ਨੂੰ ਅਪਣਾ ਕੇ ਜੀਵਨ ਭਰ ਇਸਦੀ ਸੰਭਾਲ ਵੀ ਕਰਨੀ ਚਾਹੀਦੀ ਹੈ। ਇਸ ਮੌਕੇ ਡਾ. ਜਸਲੀਨ ਕੌਰ, ਡਾ. ਮਾਲਤੀ ਪੁਰੀ, ਇੰਜ. ਜਸਜੀਵਨ ਸਿੰਘ, ਡਾ. ਪ੍ਰਦੀਪ ਸਿੰਘ, ਇੰਜ. ਲਵਲੀਨ ਕੌਰ, ਡਾ. ਸੁਪ੍ਰੀਤ ਕੌਰ ਆਦਿ ਸਟਾਫ਼ ਤੋਂ ਇਲਾਵਾ ਵੱਡੀ ਗਿਣਤੀ 'ਚ ਵਿਦਿਆਰਥੀ ਹਾਜ਼ਰ ਸਨ।

ਸ਼ਹੀਦ ਭਾਈ ਤਾਰੂ ਸਿੰਘ ਦੀਆਂ ਪੈੜਾਂ 'ਤੇ ਚੱਲਣ ਵਾਲੇ ਨਸ਼ਿਆਂ 'ਚ ਗਲਤਾਨ ਨਹੀਂ ਹੋਣਗੇ: ਦਸਤੂਰ-ਏ-ਦਸਤਾਰ ਲਹਿਰ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਸਿੱਖੀ ਦੇ ਪ੍ਰਚਾਰ-ਪਸਾਰ ਲਈ ਵਚਨਬੱਧ ਸੰਸਥਾ ਸ਼ਹੀਦ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਸੁਸਾਇਟੀ ਦਸਤੂਰ ਏ ਦਸਤਾਰ ਲਹਿਰ ਵੱਲੋਂ ਸਿੱਖੀ ਕੇਸਾਂ-ਸੁਆਸਾਂ ਸੰਗ ਨਿਭਾ ਕੇ ਅਦੁੱਤੀ ਸਹਾਦਤ ਦੇਣ ਵਾਲੇ ਭਾਈ ਤਾਰੂ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਭਾਈ ਤਾਰੂ ਸਿੰਘ ਜੀ ਪਿੰਡ ਪੂਹਲਾ ਵਿਖੇ ਬੱਚਿਆਂ ਦੇ ਦਸਤਾਰ, ਦੁਮਾਲਾ ਅਤੇ ਪੇਂਟਿੰਗ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ। ਵਰਣਨਯੋਗ ਹੈ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਸੈਕਰਡ ਸੋਲਜ਼ ਸਕੂਲ ਕਾਲੇ, ਸ਼ਹੀਦ ਭਗਤ ਸਿੰਘ ਸਕੂਲ ਭਿੱਖੀਵਿੰਡ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਿੱਖੀਵਿੰਡ, ਸਰਕਾਰੀ ਸਕੂਲ ਰਾਜੋਕੇ, ਸਰਕਾਰੀ ਸਕੂਲ ਨਾਰਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖਾਲੜਾ, ਬਾਬਾ ਦੀਪ ਸਿੰਘ ਸਕੂਲ ਬੇਗੋਪੁਰ, ਮਹਾਰਾਜਾ ਰਣਜੀਤ ਸਿੰਘ ਸਕੂਲ ਦਿਆਲਪੁਰ ਸਮੇਤ ਨੇੜੇ ਦੇ ਸਕੂਲਾਂ ਦੇ ਕਰੀਬ 170 ਬੱਚਿਆਂ ਨੇ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਸੁਸਾਇਟੀ ਵੱਲੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਕਬਜ਼ਾ ਕਰਨ ਵਾਲੇ ਹੋਣਹਾਰ ਬੱਚਿਆਂ ਨੂੰ ਸ਼ੀਲਡਾਂ ਤੇ ਬਾਕੀ ਸਭ ਬੱਚਿਆਂ ਨੂੰ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੁਸਾਇਟੀ ਦੇ ਕਨਵੀਨਰ ਭਾਈ ਸੰਦੀਪ ਸਿੰਘ ਖਾਲੜਾ, ਭਾਈ ਹਰਜੀਤ ਸਿੰਘ ਆਸਟਰੀਆ, ਪ੍ਰਧਾਨ ਭਾਈ ਸੰਤੋਖ ਸਿੰਘ ਪੱਟੀ, ਮੀਤ ਪ੍ਰਧਾਨ ਪ੍ਰੋ. ਗੁਰਸੇਵਕ ਸਿੰਘ ਬੋਪਾਰਾਏ, ਸਕੱਤਰ ਪ੍ਰੋ. ਸੁਖਪਾਲ ਸਿੰਘ ਠੱਟਾ, ਜੋਨ ਇੰਚਾਰਜ ਭਿੱਖੀਵਿੰਡ ਭਾਈ ਨਿਰਮਲ ਸਿੰਘ, ਸਿੱਖ ਪ੍ਰਚਾਰਕ ਭਾਈ ਜਗਜੀਤ ਸਿੰਘ ਅਹਿਮਦਪੁਰ, ਖਜਾਨਚੀ ਮਨਦੀਪ ਸਿੰਘ ਘੋਲੀਆ ਕਲਾਂ,ਭਾਈ ਹੀਰਾ ਸਿੰਘ ਸੋਹਲ ਅਤੇ ਗੁਰਜੰਟ ਸਿੰਘ ਭਿੱਖੀਵਿੰਡ ਨੇ ਵੱਖ-ਵੱਖ ਸਕੂਲਾਂ ਤੋਂ ਆਏ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਜੀ ਆਇਆਂ ਆਖਿਆ। ਇਸ ਮੌਕੇ ਆਪਣੇ ਸੰਬੋਧਨ 'ਚ ਸੁਸਾਇਟੀ ਦੇ ਕਨਵੀਨਰ ਭਾਈ ਸੰਦੀਪ ਸਿੰਘ ਖਾਲੜਾ, ਭਾਈ ਹਰਜੀਤ ਸਿੰਘ ਆਸਟਰੀਆ, ਪ੍ਰਧਾਨ ਭਾਈ ਸੰਤੋਖ ਸਿੰਘ ਪੱਟੀ, ਮੀਤ ਪ੍ਰਧਾਨ ਪ੍ਰੋ. ਗੁਰਸੇਵਕ ਸਿੰਘ ਬੋਪਾਰਾਏ, ਸਕੱਤਰ ਪ੍ਰੋ. ਸੁਖਪਾਲ ਸਿੰਘ ਠੱਟਾ, ਜੋਨ ਇੰਚਾਰਜ ਭਿੱਖੀਵਿੰਡ ਭਾਈ ਨਿਰਮਲ ਸਿੰਘ ਅਤੇ ਸਿੱਖ ਪ੍ਰਚਾਰਕ ਭਾਈ ਜਗਜੀਤ ਸਿੰਘ ਅਹਿਮਦਪੁਰ ਵੱਲੋਂ ਭਾਈ ਤਾਰੂ ਸਿੰਘ ਸਹੀਦ ਜੀ ਦੇ ਜੀਵਨ ਅਤੇ ਅਦੁੱਤੀ ਸਹਾਦਤ 'ਤੇ ਚਾਨਣਾ ਪਾਉਂਦਿਆਂ ਨੌਜਵਾਨਾਂ ਨੂੰ ਭਾਈ ਤਾਰੂ ਸਿੰਘ ਜੀ ਦੀਆਂ ਪੈੜਾਂ 'ਤੇ ਚੱਲਣ ਲਈ ਪ੍ਰੇਰਿਆ ਗਿਆ। ਉਪਰੋਕਤ ਆਗੂਆਂ ਨੇ ਕਿਹਾ ਕਿ ਜਕਰੀਆ ਖਾਨ ਨੇ ਭਾਈ ਤਾਰੂ ਸਿੰਘ ਨੂੰ ਆਪਣਾ ਧਰਮ ਛੱਡ ਕੇ ਮੁਸਲਮਾਨ ਬਣਨ ਲਈ ਕਿਹਾ ਸੀ 'ਤੇ ਅਜਿਹਾ ਨਾ ਮੰਨਣ 'ਤੇ ਕੇਸ ਕਤਲ ਕਰਨ ਦਾ ਹੁਕਮ ਦਿੱਤਾ ਸੀ, ਪ੍ਰੰਤੂ ਭਾਈ ਤਾਰੂ ਸਿੰਘ

ਨੇ ਮੁਸਲਮਾਨ ਨਾ ਬਣਨ 'ਤੇ ਨਾ ਹੀ ਕੇਸ ਕਤਲ ਕਰਵਾਉਣ ਦੀ ਗੱਲ ਮੰਨੀ ਤੇ ਕਿਹਾ ਕਿ ਮੈਂ ਸਿਰ ਕਟਵਾ ਸਕਦਾ ਹਾਂ, ਪਰ ਸਤਿਗੁਰੂ ਦੀ ਦਿੱਤੀ ਪਿਆਰੀ ਪਵਿੱਤਰ ਦਾਤ ਨਹੀਂ ਦੇ ਸਕਦਾ, ਜਿਸ ਤੋਂ ਬਾਅਦ ਜਕਰੀਆ ਖਾਨ ਨੇ ਜੱਲਾਦ ਨੂੰ ਭਾਈ ਤਾਰੂ ਸਿੰਘ ਦੀ ਖੋਪਰੀ ਉਤਾਰਨ ਦਾ ਹੁਕਮ ਦਿੱਤਾ, ਜਿਸ 'ਤੇ ਭਾਈ ਤਾਰੂ ਸਿੰਘ ਨੂੰ ਜ਼ਰਾ ਵੀ ਦੁੱਖ ਨਾ ਹੋਇਆ। ਉਨ੍ਹਾਂ ਨੇ ਆਪਣੀ ਸਿੱਖੀ ਨੂੰ ਕੇਸਾਂ-ਸੁਆਸਾਂ ਨਾਲ ਨਿਭਾਅ ਕੇ ਅਦੁੱਤੀ ਮਿਸਾਲ ਕਾਇਮ ਕੀਤੀ। ਜਲਾਦ ਰੰਬੀ ਨਾਲ ਭਾਈ ਸਾਹਿਬ ਦੀ ਖੋਪਰੀ ਉਤਾਰਦਾ ਰਿਹਾ 'ਤੇ ਭਾਈ ਤਾਰੂ ਸਿੰਘ ਜੀ ਗੁਰੂ ਦਾ ਭਾਣਾ ਮੰਨਦੇ ਰਹੇ। ਉਨ੍ਹਾਂ ਕਿਹਾ ਕਿ ਕਿਰਤ ਤੋਂ ਮੁੱਖ ਮੋੜਨ ਵਾਲੇ ਨੌਜਵਾਨਾਂ ਨੂੰ ਭਾਈ ਤਾਰੂ ਸਿੰਘ ਜੀ ਦੇ ਜੀਵਨ ਤੋਂ ਪ੍ਰੇਰਨਾ ਲੈਣ ਦੀ ਲੋੜ ਹੈ। ਜ਼ਿਕਰਯੋਗ ਹੈ ਕਿ ਬਾਬਾ ਦੀਪ ਸਿੰਘ ਸਕੂਲ ਬੇਗੋਪੁਰ ਦੇ ਵਿਦਿਆਰਥੀ ਉਪਰਾਜ ਸਿੰਘ ਅਤੇ ਗੁਰਚਿੱਤ ਸਿੰਘ ਨੇ ਜੋਸ਼ੀਲੀਆਂ ਕਵਿਤਾਵਾਂ ਗਾ ਕੇ ਇਕੱਤਰ ਹੋਈ ਸੰਗਤ ਨੂੰ ਸਿੱਖੀ ਕੇਸਾਂ-ਸੁਆਸਾਂ ਸੰਗ ਨਿਭਾਉਣ ਦਾ ਹਲੂਣਾ ਦਿੱਤਾ। ਇਸ ਮੌਕੇ ਪੇਂਟਿੰਗ ਮੁਕਾਬਲੇ ਵਿੱਚ ਬੱਚਿਆਂ ਨੇ ਭਾਈ ਤਾਰੂ ਸਿੰਘ ਜੀ ਦੇ ਖੋਪਰ ਲਾਹੇ ਜਾਣ ਦੀ ਘਟਨਾ ਨੂੰ ਬਾਖੂਬੀ ਚਿਤਰ ਕੇ ਇੱਕ ਵਿਲੱਖਣ ਮਿਸਾਲ ਪੇਸ਼ ਕੀਤੀ। ਅੰਤ 'ਚ ਗੁਰਦੁਆਰਾ ਭਾਈ ਤਾਰੂ ਸਿੰਘ ਸ਼ਹੀਦ ਦੀ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਨੇਜਰ ਭਾਈ ਜਗੀਰ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਬਜ਼ਰਵਰ ਭਾਈ ਜਸਪਾਲ ਸਿੰਘ ਵੱਲੋਂ ਆਈ ਸੰਗਤ, ਸਕੂਲ ਦੇ ਅਧਿਆਪਕਾਂ ਅਤੇ ਬੱਚਿਆਂ ਦਾ ਧੰਨਵਾਦ ਕਰਦਿਆਂ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਭਰਪੂਰ ਸ਼ਬਦਾਂ ਵਿੱਚ ਸ਼ਲਾਘਾ ਕਰਦਿਆਂ ਸੁਸਾਇਟੀ ਦੇ ਸਮੂਹ ਮੈਂਬਰਾਂ ਦਾ ਗੁਰੂ ਜੀ ਦੀ ਬਖਸ਼ਿਸ਼ ਸਿਰਪਾਓ ਨਾਲ ਸਨਮਾਨ ਕੀਤਾ ਗਿਆ। ਇਸਦੇ ਨਾਲ ਹੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇੰਨ੍ਹਾਂ ਨੇਕ ਕਾਰਜਾਂ ਲਈ 5000 ਰੁਪਏ ਨਕਦ ਰਾਸ਼ੀ ਦੇ ਕੇ ਭਵਿੱਖ 'ਚ ਇਸ ਪ੍ਰਕਾਰ ਦੇ ਅਨੇਕਾਂ ਪ੍ਰੋਗਰਾਮ ਉਲੀਕਣ ਦਾ ਭਰੋਸਾ ਦਿੱਤਾ ਗਿਆ। ਦੱਸ ਦਈਏ ਕਿ ਦਸਤਾਰ ਮੁਕਾਬਲਿਆਂ ਲਈ ਜੱਜਮੈਂਟ ਦੀ ਸੇਵਾ ਸੰਦੀਪ ਸਿੰਘ ਧਾਰੀਵਾਲ, ਵਾਰਿਸਦੀਪ ਸਿੰਘ ਪੱਟੀ ਅਤੇ ਗੁਰਚਰਨ ਸਿੰਘ ਰਾਜੋਕੇ ਦਸਤਾਰ ਕੋਚਾਂ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਭਾਈ ਉਂਕਾਰ ਸਿੰਘ ਦਿਆਲਪੁਰਾ, ਪ੍ਰਧਾਨ ਬਾਬਾ ਦੀਪ ਸਿੰਘ ਗੱਤਕਾ ਐਸੋਸੀਏਸ਼ਨ ਭਾਈ ਪਲਵਿੰਦਰ ਸਿੰਘ ਕੰਡਾ, ਭਾਈ ਹਰਚਰਨ ਸਿੰਘ ਉਬੋਕੇ, ਭਾਈ ਸੁਖਦੀਪ ਸਿੰਘ ਮੀਤ ਗ੍ਰੰਥੀ, ਮਾਸਟਰ ਗੁਰਦੇਵ ਸਿੰਘ ਧੁੰਨ, ਸਹਿਯੋਗੀ ਭਾਈ ਹਰਜੀਤ ਸਿੰਘ ਪੱਟੀ, ਦਸਤਾਰ ਕੋਚ ਹਰਜੀਤ ਸਿੰਘ ਲਹਿਰੀ, ਹਰਪ੍ਰੀਤ ਸਿੰਘ ਪੱਟੀ, ਸੰਦੀਪ ਸਿੰਘ ਧਾਰੀਵਾਲ, ਅਕਾਸ਼ਦੀਪ ਸਿੰਘ ਪੱਟੀ, ਜਸ਼ਨਪ੍ਰੀਤ ਸਿੰਘ,ਵਾਰਿਸਦੀਪ ਸਿੰਘ, ਗੁਰਪ੍ਰੀਤ ਸਿੰਘ, ਸਮੂਹ ਸਕੂਲਾਂ ਦੇ ਅਧਿਆਪਕ ਸਾਹਿਬਾਨ ਅਤੇ ਹੋਰ ਸੰਗਤਾਂ ਹਾਜ਼ਰ ਸਨ।

ਅਜਮੇਰ ਸਿੰਘ ਘੜਕਾ ਯੂਥ ਕਾਂਗਰਸ ਦੇ ਵਾਈਸ ਪ੍ਰਧਾਨ ਨਿਯੁਕਤ

ਤਰਨ ਤਾਰਨ (ਸਾਗਰਦੀਪ ਸਿੰਘ ਅਰੋੜਾ)-ਪਿਛਲੇ ਮਹੀਨੇ ਹੋਈ ਪੰਜਾਬ ਯੂਥ ਕਾਂਗਰਸ ਦੀ ਚੋਣ 'ਚ ਹਲਕਾ ਖਡੂਰ ਸਾਹਿਬ ਤੋਂ ਅਜਮੇਰ ਸਿੰਘ ਘੜਕਾ ਜਿੱਤ ਦਰਜ ਕਰਕੇ ਯੂਥ ਕਾਂਗਰਸ ਦੇ ਵਾਈਸ ਪ੍ਰਧਾਨ ਬਣੇ! ਇਸ ਮੌਕੇ ਅਜਮੇਰ ਸਿੰਘ ਘੜਕਾ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਸਾਬਕਾ ਵਿਧਾਇਕ ਰਮਨਜੀਤ ਸਿੰਘ ਦੀ ਯੋਗ ਅਗਵਾਈ ਹੇਠ ਯੂਥ ਦੀਆ ਚੋਣਾਂ ਵਿੱਚ ਹਿੱਸਾ ਲਿਆ ਸੀ! ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਲਈ ਦਿਨ-ਰਾਤ ਮਿਹਨਤ ਕਰਾਂਗੇ! ਇਸ ਮੌਕੇ ਵਿਸ਼ੇਸ਼ ਤੌਰ 'ਤੇ ਸਾਬਕਾ ਵਿਧਾਇਕ ਰਮਨਦੀਪ ਸਿੰਘ ਸਿੱਕੀ, ਚੇਅਰਮੈਨ ਰਵਿੰਦਰ ਸਿੰਘ ਸੈਂਟੀ ਵੱਲੋਂ ਗੁਰੂ ਦੀ ਬਖਸ਼ਿਸ਼ ਸਰਿਪਾਉ ਸਾਹਿਬ ਪਾ ਕੇ ਸਨਮਾਨਿਤ ਕੀਤਾ ਗਿਆ! ਉਨ੍ਹਾਂ ਨੇ ਦੱਸਿਆ ਕਿ ਇਨ੍ਹਾਂ ਦੇ ਵੱਡੇ ਭਰਾ ਮਨਦੀਪ ਸਿੰਘ ਪਿੰਡ ਘੜਕਾ ਤੋਂ ਸਰਪੰਚੀ ਦੀ ਸੇਵਾ ਨਿਭਾ ਰਹੇ ਹਨ! ਇਸ ਪਰਿਵਾਰ ਨੇ ਪਿਛਲੇ ਸਮੇਂ ਤੋਂ ਹੀ ਕਾਂਗਰਸ ਪਾਰਟੀ ਲਈ ਬਹੁਤ ਮਿਹਨਤ ਕੀਤੀ ਹੈ! ਇਸ ਮੌਕੇ ਅਜਮੇਰ ਸਿੰਘ ਘੜਕਾ ਨੇ ਹਲਕੇ ਦੇ ਸਰਪੰਚ ਜਗਤਾਰ ਸਿੰਘ ਉੱਪਲ, ਸਰਪੰਚ ਮਹਿੰਦਰ ਸਿੰਘ, ਸੁਖਵੰਤ ਸਿੰਘ, ਲਾਲੀ ਰੱਤੋਕੇ, ਸਰਪੰਚ ਬਲਦੇਵ ਸਿੰਘ ਮੁੰਡਾ ਪਿੰਡ, ਪਿੰਡ ਘੜਕਾ ਦੀ ਪੰਚਾਇਤ ਅਤੇ ਨਗਰ ਨਿਵਾਸੀਆਂ, ਖਡੂਰ ਸਾਹਿਬ ਹਲਕੇ ਦੇ ਵੋਟਰਾਂ ਸਪੋਰਟਰਾਂ ਦਾ ਧੰਨਵਾਦ ਕੀਤਾ। ਸਮੁੱਚੇ ਕਾਂਗਰਸ ਦੇ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।

ਹੜ੍ਹਾਂ ਦੌਰਾਨ ਕੈਬਨਿਟ ਮੰਤਰੀ ਭੁੱਲਰ ਦੀ ਭੂਮਿਕਾ ਸ਼ਲਾਘਾਯੋਗ : ਸਰਪੰਚ

**ਪੱਟੀ (ਬਲਦੇਵ ਸਿੰਘ ਸੰਧੂ /ਸਮ

15-July-PAGE- 12 qxd.qxd 7/14/2023 10:06 PM Page 1

ਮਨੀਸ਼ ਤਿਵਾੜੀ ਵੱਲੋਂ ਬੇਟ ਇਲਾਕੇ ਦਾ ਜਾਇਜ਼ਾ

ਚਮਕੌਰ ਸਾਹਿਬ,(ਗੁਰਵਿੰਦਰਪਾਲ ਸਿੰਘ ਬੋਬੀ) ਲੋਕ ਸਭਾ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਮਨੀਸ਼ ਤਿਵਾੜੀ ਨੇ ਬੇਟ ਇਲਾਕੇ ਦੇ ਪਿੰਡ ਬੇਲਾ, ਅਟਾਰੀ ਅਤੇ ਦਾਊਦਪੁਰ ਸਮੇਤ ਸਤਲੁਜ ਦਰਿਆ ਦਾ ਦੌਰਾ ਕੀਤਾ ਅਤੇ ਮੀਂਹ ਅਤੇ ਪਾਣੀ ਭਰ ਜਾਣ ਕਾਰਨ ਹੋਏ ਨੁਕਸਾਨ ਦਾ ਜਾਇਜਾ ਲਿਆ। ਪਿੰਡਾਂ ਦੇ ਲੋਕਾਂ ਨੇ ਸ੍ਰੀ ਤਿਵਾੜੀ ਨੂੰ ਦੱਸਿਆ ਕਿ ਬਰਸਾਤ ਤੋਂ ਇਲਾਵਾ ਬੇਲਾ ਡਰੇਨ ਅਤੇ ਚਮਕੌਰ ਸਾਹਿਬ ਐਸਕੇਪ ਕਰਕੇ ਵੱਡਾ ਨੁਕਸਾਨ ਹੋਇਆ ਹੈ, ਜਿਸ ਦਾ ਮੁੱਖ ਕਾਰਨ ਇਨ੍ਹਾਂ ਦੀ ਸਫਾਈ ਨਾ ਹੋਣਾ ਹੈ। ਸਰਪੰਚ ਲਖਵਿੰਦਰ ਸਿੰਘ ਭੂਰਾ ਨੇ ਉਨ੍ਹਾਂ ਨੂੰ ਦੱਸਿਆ ਕਿ ਇਨ੍ਹਾਂ ਪਿੰਡਾਂ ਵਿਚ ਪਾਣੀ ਭਰਨ ਕਾਰਨ ਸੈਂਕੜੇ ਏਕੜ ਫਸਲ ਤਬਾਹ ਹੋ ਗਈ ਹੈ ਅਤੇ ਕਈ ਘਰਾਂ ਨੂੰ ਵੀ ਨੁਕਸਾਨ ਪੁੱਜਾ ਹੈ। ਜਿਸ 'ਤੇ ਉਨ੍ਹਾਂ ਸਿੰਚਾਈ ਵਿਭਾਗ ਦੇ ਸਕੱਤਰ ਕ੍ਰਿਸ਼ਨ ਕੁਮਾਰ ਨੂੰ ਫੋਨ ਕਰਕੇ ਡਰੇਨੇਜ਼ ਦੀ ਸਫਾਈ ਲਈ ਜਲਦੀ ਤੋਂ ਜਲਦੀ ਕਦਮ ਚੁੱਕਣ ਲਈ ਕਿਹਾ। ਉਨ੍ਹਾਂ ਲੋਕਾਂ ਨੂੰ ਭਰੋਸਾ ਦਿੱਤਾ ਕਿ ਉਹ ਇਹ ਮਾਮਲਾ ਕੇਂਦਰ ਸਰਕਾਰ ਅੱਗੇ ਵੀ ਰੱਖਣਗੇ, ਤਾਂ ਜੋ ਲੋਕਾਂ ਦੇ ਹੋਏ ਨੁਕਸਾਨ ਦਾ ਵੱਧ ਤੋਂ ਵੱਧ ਮੁਆਵਜਾ ਦਿੱਤਾ ਜਾ ਸਕੇ। ਉਨ੍ਹਾਂ ਕਿਹਾ ਕਿ ਰੂਪਨਗਰ ਜਿਲ੍ਹਾ ਮੀਂਹ ਅਤੇ ਪਾਣੀ ਭਰਨ ਕਾਰਨ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ ਅਤੇ ਉਹ ਇਸ ਜਿਲੇ ਨੂੰ ਵੱਧ ਮੁਆਵਜ਼ਾ ਦਿਵਾਉਣ ਦਾ ਯਤਨ ਕਰਨਗੇ।

ਉਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਅਪੀਲ ਵੀ ਕੀਤੀ ਕਿ ਉਹ ਪਾਣੀ ਦੀਆਂ ਨਿਕਾਸੀ ਜ਼ਮੀਨਾਂ ਤੇ ਨਜਾਇਜ਼ ਕਬਜੇ ਤੇ ਉਸਾਰੀਆਂ ਨਾ ਕਰਨ। ਇਸ ਮੌਕੇ ਰੋਹਿਤ ਮੱਭਰਵਾਲ, ਨੰਬਰਦਾਰ ਸੁਰਜੀਤ ਸਿੰਘ, ਅਮਰ ਸਿੰਘ, ਸੱਜਣ ਸਿੰਘ, ਗੁਰਜੀਤ ਸਿੰਘ, ਸਰਪੰਚ ਹਰਕੀਰਤ ਸਿੰਘ ਸਰਪੰਚ, ਪੰਚ ਰਵਿੰਦਰ ਸ਼ਰਮਾ ਅਤੇ ਰਜਿੰਦਰ ਸਿੰਘ ਆਦਿ ਹਾਜ਼ਰ ਸਨ।

ਪਾਕਿਸਤਾਨ ਦੁਆਰਾ ਫਲੱਡ ਗੇਟ ਖੋਲ੍ਹਣ ਦੀ ਸ਼ਲਾਘਾ

ਜਲੰਧਰ: (ਕੇਸਰ) ਪੰਜਾਬ ਵਿੱਚ ਹੜ੍ਹਾਂ ਨਾਲ ਪੈਦਾ ਹੋਈ ਗੰਭੀਰ ਸਥਿਤੀ ਨੂੰ ਦੇਖਦਿਆਂ ਪਾਕਿਸਤਾਨ ਵੱਲੋਂ ਸੁਲੇਮਾਨ ਹੈੱਡਵਰਕਸ ਤੋਂ 10 ਫਲੱਡ ਗੇਟ ਖੋਲ੍ਹਣਾ ਚੰਗੇ ਗਵਾਂਢੀਆਂ ਵਾਲਾ ਸਹੀ ਕਦਮ ਹੈ, ਜਿਹੜਾ ਦੋਵਾਂ ਦੇਸ਼ਾਂ ਵਿੱਚ ਕੁੜੱਤਣ ਭਰੇ ਮਹੌਲ ਨੂੰ ਸੁਖਾਵਾਂ ਬਣਾਉਣ ਵਿੱਚ ਸਹਾਈ ਹੋਵੇਗਾ। ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਦੀ ਪੰਜਾਬ ਰਾਜ ਕਮੇਟੀ ਵੱਲੋਂ ਜਾਰੀ ਬਿਆਨ ਵਿੱਚ ਪਾਰਟੀ ਦੇ ਸੂਬਾਈ ਆਗੂ ਕਾਮਰੇਡ ਅਜਮੇਰ ਸਿੰਘ ਨੇ ਇਹ ਵਿਚਾਰ ਪ੍ਰਗਟਾਏ।

ਪ੍ਰੈਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਪਾਰਟੀ ਆਗੂ ਨੇ ਕਿਹਾ ਕਿ ਪਾਕਿਸਤਾਨ ਦੇ ਇਸ ਕਦਮ ਨੇ ਫਿਰੋਜ਼ਪੁਰ ਤੇ ਫਾਜ਼ਿਲਕਾ ਜ਼ਿਲ੍ਹਿਆਂ ਨੂੰ ਹੋਣ ਵਾਲੀ ਤਬਾਹੀ ਤੋਂ ਬਚਾਇਆ ਹੈ। ਪਾਕਿਸਤਾਨ ਦਾ ਇਹ ਵਿਵਹਾਰ ਆਉਣ ਵਾਲੇ ਸਮੇਂ ਵਿੱਚ ਦੋਵਾਂ ਦੇਸ਼ਾਂ 'ਚ ਨਫ਼ਰਤ ਅਤੇ ਕੁੜੱਤਣ ਦਾ ਮਹੌਲ ਘੱਟ ਕਰਨ 'ਚ ਮੱਦਦ ਕਰੇਗਾ। ਉਨ੍ਹਾਂ ਦੋਵਾਂ ਦੇਸ਼ਾਂ ਵਿਚਕਾਰ ਸਬੰਧ ਵਧਾਉਣ ਲਈ ਹੁਸੈਨੀਵਾਲਾ ਤੇ ਵਾਹਗਾ-ਅਟਾਰੀ ਬਾਰਡਰ ਖੋਲ੍ਹਣ ਦੀ ਮੰਗ ਕੀਤੀ ਜਿਸ ਨਾਲ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਲੋਕਾਂ ਨੂੰ ਲਾਭ ਮਿਲੇਗਾ ਤੇ ਆਪਸੀ ਸਬੰਧ ਸੁਖਾਵੇਂ ਬਣਨਗੇ। ਉਨ੍ਹਾਂ ਕਿਹਾ ਕਿ ਰਾਸ਼ਟਰਵਾਦ ਦੇ ਨਾਂ ਥੱਲੇ ਪਾਕਿਸਤਾਨ ਖਿਲਾਫ਼ ਨਫ਼ਰਤੀ ਪ੍ਰਚਾਰ ਨੂੰ ਸੰਕਟ ਮੌਕੇ ਵਧਾਏ ਹੱਥ ਠੱਲ੍ਹ ਪਾਉਣਗੇ। ਇਸ ਮੌਕੇ ਦਾ ਫਾਇਦਾ ਲੈਂਦਿਆਂ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਪੰਜਾਬ ਦੇ ਮੁੱਖ ਮੰਤਰੀ ਨੂੰ ਦੋਵਾਂ ਦੇਸ਼ਾਂ ਵਿਚਕਾਰ ਦੋਸਤੀ ਵਧਾਉਣ ਲਈ ਠੋਸ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਜੰਗੀ ਹਥਿਆਰਾਂ ਉੱਪਰ ਖਰਚ ਘਟਾ ਕੇ ਦੋਹਾਂ ਦੇਸ਼ਾਂ ਦੇ ਗਰੀਬ ਲੋਕਾਂ ਦਾ ਜੀਵਨ ਚੰਗੇਰਾ ਬਣਾਇਆ ਜਾ ਸਕੇ।

ਸਿਹਤ ਅਫ਼ਸਰ ਨੇ ਖਾਣ-ਪੀਣ ਵਾਲੀਆਂ ਵਸਤਾਂ ਦੇ ਲਏ ਸੈਂਪਲ

ਹੁਸ਼ਿਆਰਪੁਰ, (ਓ ਪੀ ਰਾਣਾ, ਬਲਬੀਰ ਸਿੰਘ ਸੈਣੀ) ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੇ ਨਿਰਦੇਸ਼ਾਂ 'ਤੇ ਜ਼ਿਲ੍ਹੇ ਵਿਚ ਲੋਕਾਂ ਨੂੰ ਮਿਲਾਵਟ ਮੁਕਤ ਖਾਣ-ਪੀਣ ਵਾਲੀਆਂ ਵਸਤਾਂ ਉਪਲਬੱਧ ਕਰਵਾਉਣ ਲਈ ਜ਼ਿਲ੍ਹਾ ਸਿਹਤ ਅਫ਼ਸਰ ਡਾ. ਲਖਵੀਰ ਸਿੰਘ ਨੇ ਹੁਸ਼ਿਆਰਪੁਰ ਵਿਖੇ ਚੈਕਿੰਗ ਦੌਰਾਨ ਖਾਣ-ਪੀਣ ਵਾਲੀਆਂ ਵਸਤਾਂ ਦੇ 12 ਸੈਂਪਲ ਲਏ। ਉਨ੍ਹਾਂ ਕਿਹਾ ਕਿ ਜ਼ਿਲ੍ਹੇ 'ਚ ਮਿਲਾਵਟਖੋਰੀ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਮਿਲਾਵਟਖੋਰੀ ਖਿਲਾਫ਼ ਫੂਡ ਸੇਫਟੀ ਤੇ ਸਟੈਂਡਰਡ ਐਕਟ-2006 ਤਹਿਤ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ, ਤਾਂ ਜੋ ਪੰਜਾਬ ਸਰਕਾਰ ਦੇ ਰੰਗਲੇ ਤੇ ਸਿਹਤਮੰਦ ਪੰਜਾਬ ਦੇ ਸੁਪਨੇ ਨੂੰ ਪੂਰੀ ਤਰ੍ਹਾਂ ਨਾਲ ਸਾਕਾਰ ਕੀਤਾ ਜਾ ਸਕੇ। ਜ਼ਿਲ੍ਹਾ ਸਿਹਤ ਅਫ਼ਸਰ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਨੇ ਕੰਧਾਲਾ ਜੱਟਾਂ ਵਿਖੇ ਸਰਾਂ ਅੱਡੇ 'ਤੇ 5 ਸਰਵੇਲੈਂਸ ਅਤੇ 7 ਇਨਫੋਰਸਮੈਂਟ ਸੈਂਪਲ ਹੈ ਹਨ। ਉਨ੍ਹਾਂ ਸਿਮਰਨ ਜਨਰਲ ਸਟੋਰ ਤੋਂ 2 ਸਰ੍ਹੋਂ ਦੇ ਤੇਲ ਅਤੇ 2 ਫਰੂਟ ਡ੍ਰਿੰਕਸ, ਬਿਸਕੁਟਾਂ ਦੀ ਸਪਲਾਈ ਕਰਨ ਵਾਲੀ ਗੱਡੀ ਤੋਂ 2 ਬਿਸਕੁਟਾਂ ਦੇ, ਪੈਰਾ ਮਿਲਟਰੀ ਫੈਮਿਲੀ ਸਟੋਰ ਤੋਂ 2 ਸਰ੍ਹੋਂ ਦੇ ਤੇਲ ਦੇ ਅਤੇ 3 ਫਰੂਟ ਡ੍ਰਿੰਕਸ ਦੇ ਅਤੇ ਮਹਾਂਦੇਵ ਗ੍ਰੋਸਰੀ ਸਟੋਰ ਤੋਂ ਇੱਕ ਰਿਫਾਇੰਡ ਦਾ ਸੈਂਪਲ ਲਿਆ ਹੈ। ਉਨ੍ਹਾਂ ਦੱਸਿਆ ਕਿ ਇਹ ਸਾਰੇ ਸੈਂਪਲ ਫੂਡ ਟੈਸਟਿੰਗ ਲੈਬਾਰਟਰੀ ਖਰੜ ਵਿਖੇ ਜਾਂਚ ਲਈ ਭੇਜੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਖਾਣ-ਪੀਣ ਵਾਲੇ ਸਾਫ-ਸੁਥਰੇ ਅਤੇ ਸ਼ੁੱਧ ਪਦਾਰਥਾਂ ਦੀ ਉਪਲਬੱਧਤਾ ਨੂੰ ਯਕੀਨੀ ਬਣਾਉਣਾ ਸਮੇਂ ਦੀ ਮੁੱਖ ਮੰਗ ਹੈ। ਉਨ੍ਹਾਂ ਕਿਹਾ ਕਿ ਸਟੇਟ ਫੂਡ ਕਮਿਸ਼ਨਰ ਅਭਿਨਵ ਤ੍ਰਿਖਾ ਅਤੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ 'ਚ ਲਗਾਤਾਰ ਚੈਕਿੰਗ ਮੁਹਿੰਮ ਚਲਾਈ ਜਾਵੇਗੀ ਤਾਂ ਜੋ ਲੋਕਾਂ ਨੂੰ ਸ਼ੁੱਧ ਅਤੇ ਸਾਫ਼-ਸੁਥਰੇ ਖਾਧ ਪਦਾਰਥ ਮੁਹੱਈਆ ਕਰਵਾਏ ਜਾ ਸਕਣ। ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਪਾਏ ਜਾਣ 'ਤੇ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਵੀ ਜਾਗਰੂਕ ਹੋਣ ਦੀ ਲੋੜ ਹੈ। ਉਨ੍ਹਾਂ ਜ਼ਿਲ੍ਹੇ ਵਿਚ ਖਾਣ-ਪੀਣ ਵਾਲੇ ਪਦਾਰਥਾਂ ਦੀ ਵਿਕਰੀ ਕਰਨ ਅਤੇ ਇਨ੍ਹਾਂ ਪਦਾਰਥਾਂ ਨੂੰ ਤਿਆਰ ਕਰਨ ਵਾਲਿਆਂ ਨੂੰ ਅਪੀਲ ਕੀਤੀ ਕਿ ਉਹ ਜਨ ਹਿੱਤ ਵਿਚ ਸ਼ੁੱਧ ਅਤੇ ਕੁਆਲਿਟੀ ਪਦਾਰਥਾਂ ਦੀ ਵਿਕਰੀ ਯਕੀਨੀ ਬਣਾਉਣ ਅਤੇ ਕਿਸੇ ਵੀ ਤਰ੍ਹਾਂ ਦੇ ਬੇਹੇ ਜਾਂ ਮਿਲਾਵਟੀ ਪਦਾਰਥਾਂ ਦੀ ਵਿਕਰੀ ਨਾ ਕਰਨ।

ਡਾ. ਲਖਬੀਰ ਸਿੰਘ ਨੇ ਕਿਹਾ ਕਿ ਹਰੇਕ ਛੋਟੇ ਤੇ ਵੱਡੇ ਫੂਡ ਬਿਜ਼ਨੈਸ ਆਪਰੇਟਰ (ਐਫ ਬੀ ਓਜ਼) ਲਈ ਰਜਿਸਟ੍ਰੇਸ਼ਨ ਜਾਂ ਲਾਇਸੰਸ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ 12 ਲੰਖ ਰੁਪਏ ਸਾਲਾਨਾ ਤੋਂ ਘੱਟ ਸੇਲ ਕਰਨ ਵਾਲੇ ਐਫ.ਬੀ. ਓਜ਼ ਲਈ 100 ਰੁਪਏ ਸਾਲਾਨਾ ਰਜਿਸਟ੍ਰੇਸ਼ਨ ਜ਼ਰੂਰੀ ਹੈ ਜਦਕਿ 12 ਲੰਖ ਰੁਪਏ ਸਾਲਾਨਾ ਤੋਂ ਵੱਧ ਸੇਲ ਕਰਨ ਵਾਲੇ ਐਫ.ਬੀ. ਓਜ਼ ਲਈ 2 ਹਜ਼ਾਰ ਰੁਪਏ ਸਾਲਾਨਾ ਲਾਇਸੰਸ ਫੀਸ ਜਮ੍ਹਾ ਕਰਵਾਉਣੀ ਲਾਜ਼ਮੀ ਹੈ। ਉਨ੍ਹਾਂ ਐਫ.ਬੀ. ਓਜ਼ ਨੂੰ ਅਪੀਲ ਕਰਦਿਆਂ ਕਿਹਾ ਕਿ ਜਿਨ੍ਹਾਂ ਦੀ ਰਜਿਸਟ੍ਰੇਸ਼ਨ ਜਾਂ ਲਾਇਸੰਸ ਫੀਸ ਰੀਨਿਊ ਕਰਵਾਉਣ ਵਾਲੀ ਹੈ, ਉਹ ਆਪਣੀ ਫੀਸ ਜਮ੍ਹਾ ਕਰਵਾਉਣ ਅਤੇ ਜਿਨ੍ਹਾਂ ਨੇ ਹਾਲੇ ਤੱਕ ਰਜਿਸਟ੍ਰੇਸ਼ਨ ਜਾਂ ਲਾਇਸੰਸ ਨਹੀਂ ਲਏ, ਉਹ ਜਲਦ ਇਸ ਪ੍ਰਕਿਰਿਆ ਨੂੰ ਪੂਰਾ ਕਰਨ।

ਨਵਾਂਸ਼ਹਿਰ ਕਿਸਾਨ ਯੂਨੀਅਨ ਨੇ ਡਿਪਟੀ ਕਮਿਸ਼ਨਰ ਨੂੰ ਸੌਂਪਿਆ ਮੰਗ ਪੱਤਰ

ਨਵਾਂ ਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੂੰ ਮੰਗ ਪੱਤਰ ਕਿਸਾਨ ਯੂਨੀਅਨ ਵੱਲੋਂ ਦਿੱਤਾ ਗਿਆ। ਮੰਗ ਪੱਤਰ 'ਚ ਮੀਂਹ ਕਾਰਨ ਹੋਈ ਫਸਲਾਂ ਦੇ ਖਰਾਬੇ ਸੰਬੰਧੀ ਗਿਰਦਾਵਰੀ ਕਰਵਾ ਕਰਕੇ ਮੁਆਵਜਾ ਦਵਾਉਣ ਦੀ ਮੰਗ ਕੀਤੀ ਗਈ। ਮੰਗ ਪੱਤਰ ਲੈਣ ਉਪਰੰਤ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੀਂਹ ਕਾਰਨ ਹੋਈਆਂ ਫਸਲਾਂ ਤੇ ਖਰਾਬੇ ਸੰਬੰਧੀ ਮੁਆਵਜਾ ਦਿਵਾਇਆ ਜਾਵੇਗਾ। ਉਹਨਾਂ ਨੇ ਕਿਸਾਨ ਯੂਨੀਅਨ ਨੂੰ ਵੀ ਅਪੀਲ ਕਰਦੇ ਹੋਏ ਕਿਹਾ ਕਿ ਪਿੰਡਾਂ ਵਿੱਚ ਵੀ ਕਿਸਾਨਾਂ ਨੂੰ ਅਪੀਲ ਕੀਤੀ ਜਾਵੇ ਕਿ ਉਹ ਪਾਣੀ ਦੇ ਨਿਕਾਸੀ ਦੇ ਲਈ ਬਣਾਏ ਗਏ ਨਾਲਿਆਂ ਵਿੱਚ ਕਿਸੇ ਤਰ੍ਹਾਂ ਦੇ ਕੋਈ ਰੁਕਾਵਟ ਨਾ ਪਾਉਣ ਅਤੇ ਜੇ ਕਿਤੇ ਕੋਈ ਨਾਲਾ ਬੰਦ ਪਿਆ ਹੈ ਤਾਂ ਉਸ ਨੂੰ ਖੁਲਵਾ ਦਿੱਤਾ ਜਾਵੇ। ਡਿਪਟੀ ਕਮਿਸਨਰ ਨੇ ਕਿਹਾ ਕਿ ਉਨ੍ਹਾਂ ਵੱਲੋਂ ਇਹ ਮੰਗ ਪੱਤਰ ਵੀ ਸਰਕਾਰ ਨੂੰ ਪਹੁੰਚਾ ਦਿੱਤਾ ਜਾਵੇਗਾ।

ਕੰਢੀ ਸੰਘਰਸ਼ ਕਮੇਟੀ ਨੇ ਨਹਿਰੀ ਵਿਭਾਗ ਦੇ ਐਕਸੀਅਨ ਨੂੰ ਦਿੱਤਾ ਮੰਗ ਪੱਤਰ

ਮਾਹਿਲਪੁਰ (ਸਫਰੀ) ਕੰਢੀ ਸੰਘਰਸ਼ ਕਮੇਟੀ ਗੜ੍ਹਸ਼ੰਕਰ ਵੱਲੋਂ ਇਲਾਕੇ 'ਚੋਂ ਲੰਘ ਰਹੀ ਕੰਢੀ ਨਹਿਰ ਦੀ ਮੁਰੰਮਤ ਜਲਦ ਮੁਕੰਮਲ ਕਰਵਾਉਣ, ਕੰਢੀ ਇਲਾਕੇ ਨੂੰ ਸਿੰਚਾਈ ਵਾਲਾ ਪਾਣੀ ਦੇਣ, ਪਟੜੀ ਪੱਕੀ ਕਰਵਾਉਣ ਲਈ ਅਤੇ ਇਸੇ ਪਟੜੀ ਤੋਂ ਲੰਘ ਰਹੇ ਨਜਾਇਜ਼ ਮਾਈਨਿੰਗ ਮਿੱਟੀ ਨਾਲ ਓਵਰਲੋਡ ਟਿੱਪਰ ਟਰਾਲੀਆ ਨੂੰ ਬੰਦ ਕਰਵਾਉਣ ਲਈ ਚੌਧਰੀ ਅੱਛਰ ਸਿੰਘ ਦੀ ਅਗਵਾਈ ਹੇਠ ਗਾਂਧੀ ਪਾਰਕ ਵਿਖੇ ਨਹਿਰੀ ਵਿਭਾਗ ਦੇ ਐਕਸੀਅਨ ਹੈਪੀ ਕੁਮਾਰ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਸੂਬਾ ਕਨਵੀਨਰ ਦਰਸਨ ਸਿੰਘ ਮੱਟੂ ਨੇ ਕਿਹਾ ਕਿ 44 ਸਾਲ ਬਾਅਦ ਇਲਾਕੇ ਨੂੰ ਇਸ ਕੰਢੀ ਨਹਿਰ ਦਾ ਪਾਣੀ ਨਸੀਬ ਹੋਣ ਜਾ ਰਿਹਾ ਸੀ, ਪਰ ਕੰਢੀ ਨਹਿਰ ਲਈ ਵਰਤਿਆ ਜਾਣ ਵਾਲਾ ਮਟੀਰੀਅਲ ਨਾ ਵਧੀਆ ਹੋਣ ਕਾਰਨ ਨਹਿਰ ਪਹਿਲੀ ਬਾਰਿਸ਼ ਨਾਲ ਟੁੱਟ ਗਈ, ਜਿਸ ਨਾਲ ਇਲਾਕੇ ਦੇ ਕਈ ਪਿੰਡਾ ਦਾ ਨੁਕਸਾਨ ਹੋ ਗਿਆ ਅਤੇ ਕਿਸਾਨਾਂ ਦੀ ਫਸਲ ਵੀ ਨੁਕਸਾਨੀ ਗਈ। ਉਹਨਾਂ ਸੂਬਾ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਕੰਢੀ ਨਹਿਰ ਦੀ ਮਰੁੰਮਤ ਸੁਚੱਜੇ ਢੰਗ ਅਤੇ ਵਧੀਆ ਮਟੀਰੀਅਲ ਨਾਲ ਕੀਤੀ ਜਾਵੇ ਤਾਂ ਜੋ ਅਗਾਂਹ ਤੋਂ ਇਲਾਕੇ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਲ ਨਾ ਆ ਸਕੇ ਅਤੇ ਨਹਿਰ ਦੀ ਪਟੜੀ ਨੂੰ ਪੱਕਾ ਕੀਤਾ ਜਾਵੇ। ਇਸ ਮੌਕੇ ਚੌਧਰੀ ਅੱਛਰ ਸਿੰਘ, ਸੂਬਾ ਕਨਵੀਨਰ ਦਰਸ਼ਨ ਸਿੰਘ ਮੱਟੂ ਤੋਂ ਇਲਾਵਾ ਰਿਟਾ. ਕੈਪਟਨ ਕਰਨੈਲ ਸਿੰਘ, ਦੇਵ ਪ੍ਰਕਾਸ਼, ਬੀਬੀ ਸੁਭਾਸ਼ ਮੱਟੂ, ਚਰਨਜੀਤ ਸਿੰਘ, ਅਵਤਾਰ ਸਿੰਘ, ਦਵਿੰਦਰ ਸਿੰਘ ਅਤੇ ਹੋਰ ਹਾਜ਼ਰ ਸਨ।

'ਹੜ੍ਹਾਂ ਨਾਲ ਹੋਏ ਨੁਕਸਾਨ ਦੀ ਪੂਰਤੀ ਤੁਰੰਤ ਕਰੇ ਸਰਕਾਰ'

ਨੰਗਲ (ਪੱਤਰ ਪ੍ਰੇਰਕ) ਹੜ੍ਹਾਂ ਨਾਲ ਹੋਏ ਨੁਕਸਾਨ ਦੀ ਪੂਰਤੀ ਤੁਰੰਤ ਪੰਜਾਬ ਸਰਕਾਰ ਕਰੇ ਤਾਂ ਜੋ ਪੀੜਤ ਲੋਕਾਂ ਦੀ ਜ਼ਿੰਦਗੀ ਮੁੜ ਲੀਹ 'ਤੇ ਚੱਲ ਪਏ। ਇੱਥੇ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਜਸਵਿੰਦਰ ਸਿੰਘ ਭੰਗਲ, ਰਾਮ ਕਿਸਨ ਦਬਕੇਹੜਾ,ਜੀਤ ਸਿੰਘ ਪੱਟੀ ਅਤੇ ਸੁਰਜੀਤ ਸਿੰਘ ਬੰਦਲੈਹੜੀ ਨੇ ਦੱਸਿਆ ਮੀਂਹ ਨੇ ਜ਼ਿਲ੍ਹਾ ਰੂਪਨਗਰ ਦੇ ਹਰ ਇੱਕ ਵਾਸੀ ਦਾ ਭਾਰੀ ਆਰਥਿਕ ਨੁਕਸਾਨ ਕੀਤਾ ਹੈ। ਇਸ ਦੇ ਨਾਲ ਮੱਕੀ ਦੀ ਫਸਲ, ਸਬਜੀਆਂ ਬਿਲਕੁੱਲ ਬਰਬਾਦ ਕਰ ਦਿੱਤੀਆਂ ਹਨ। ਬਹੁਤ ਸਾਰੇ ਕਿਸਾਨਾਂ ਦੀ ਜ਼ਮੀਨਾਂ ਪਾਣੀ ਦੀ ਭੇਟ ਚੜ੍ਹ ਗਈਆਂ ਹਨ। ਕੇਂਦਰ ਦੀ ਸਰਕਾਰ ਵੱਖ ਵੱਖ ਰਾਜਾਂ ਨੂੰ ਤੁਰੰਤ ਪੈਕੇਜ ਜਾਰੀ ਕਰੇ ਤਾਂ ਜੋ ਸੂਬਾ ਸਰਕਾਰਾਂ ਪੀੜਤ ਲੋਕਾਂ ਦੀ ਬਾਂਹ ਫੜ ਸਕੇ। ਆਗੂਆਂ ਨੇ ਕਿਹਾ ਕਿ ਘਰਾਂ ਵਿੱਚ ਪਾਣੀ ਵੜਨ ਕਾਰਨ ਭਾਰੀ ਨੁਕਸਾਨ ਹੋ ਗਿਆ ਹੈ। ਬਹੁਤ ਸਾਰੇ ਮਕਾਨ ਨਕਾਰਾ ਹੋ ਗਏ ਹਨ। ਜਿਨ੍ਹਾਂ ਕਿਸਾਨਾਂ ਦੀਆਂ ਜ਼ਮੀਨਾਂ ਹੜ੍ਹ ਗਈਆਂ। ਉਨ੍ਹਾਂ ਕਿਸਾਨਾਂ ਨੂੰ ਜ਼ਮੀਨਾ ਦੇ ਰੇਟ ਮੁਤਾਬਕ ਮੁਆਵਜਾ ਦਿੱਤਾ ਜਾਵੇ। ਹਰੇਕ ਵਾਸੀ ਦੇ ਹੋਏ ਨੁਕਸਾਨ ਦੀ ਭਰਪਾਈ ਪੰਜਾਬ ਸਰਕਾਰ ਕਰੇ। ਕਿਸਾਨ ਆਗੂਆਂ ਨੇ ਇਹ ਵੀ ਮੰਗ ਕੀਤੀ ਕਿ ਭਾਖੜਾ ਡੈਮ ਤੋਂ ਪਾਣੀ ਹਾਲ ਦੀ ਘੜੀ ਨਾ ਛੱਡਿਆ ਜਾਵੇ।

ਹੜ੍ਹ ਪੀੜਤ ਮਜ਼ਦੂਰ ਪਰਵਾਰਾਂ ਨੂੰ ਵੀ ਮੁਆਵਜ਼ਾ ਦਿੱਤਾ ਜਾਵੇ : ਜਰਨੈਲ ਫਿਲੌਰ

ਫਿਲੌਰ: (ਨਿਰਮਲ) ਦਿਹਾਤੀ ਮਜ਼ਦੂਰ ਸਭਾ ਤਹਿਸੀਲ ਫਿਲੌਰ ਦੀ ਮੀਟਿੰਗ ਸਾਥੀ ਜਰਨੈਲ ਫਿਲੌਰ ਦੀ ਪ੍ਰਧਾਨਗੀ ਹੇਠ ਹੋਈ ਜਿਸ 'ਚ ਹੜ੍ਹ ਪੀੜਤ ਮਜ਼ਦੂਰ ਪਰਵਾਰਾਂ ਲਈ ਯੋਗ ਮੁਆਵਜੇ ਦੀ ਮੰਗ ਕੀਤੀ ਗਈ। ਇਸ ਸਮੇਂ ਦਿਹਾਤੀ ਮਜਦੂਰ ਸਭਾ ਦੀ ਇਕਾਈਆਂ ਨੂੰ ਪਿੰਡ ਪੱਧਰ ਤੱਕ ਮਜਬੂਤ ਕਰਨ ਲਈ ਫੈਸਲਾ ਕੀਤਾ ਗਿਆ। ਇਸ ਸਮੇਂ ਕੱਟੇ ਨੀਲੇ ਕਾਰਡ ਬਹਾਲ ਕਰਨ ਅਤੇ ਨਵੇਂ ਮੈਂਬਰ ਜੋੜਨ